# ਸਾਂਝੀ ਵਿਰਾਸਤ

ਅੰਕ 54 ਜਿਲਦ 5 1 ਹਾੜ 558 (ਜੂਨ 2026)



**ਸਾਂਝੀ ਵਿਰਾਸਤ (Shared Heritage)**

**ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ**

**ਗੈਰ–ਸਿਆਸੀ ਮਾਸਿਕ ਮੈਗਜ਼ੀਨ**

A monthly Non-political, Not-for-profit (Bilingual) On-line magazine of

**Punjabi Language, Culture, History and Heritage**

**Website: sanjhivirasat.org**

# ਵਿਸ਼ਾ ਸੂਚੀ 1 ਹਾੜ 558 (ਜੂਨ 2026)


| | | | |
|---|---|---|---|
| 1 | ਸੰਪਾਦਕੀ | ਡਾ. ਕਾਬਲ ਸਿੰਘ | 3 |
| 2 | ਬਾਰਹ ਮਾਹਾ ਤੁਖਾਰੀ ਦਾ ਪਾਠ ਤੇ ਵਿਆਖਿਆ | ਪ੍ਰੋਫੈਸਰ ਮਨਿੰਦਰ ਸਿੰਘ | 4 |
| 3 | ਬਾਰਹ ਮਾਹਾ ਮਾਝ ਦਾ ਪਾਠ ਤੇ ਵਿਆਖਿਆ ਅਤੇ ਕਾਵਿਕ ਵਿਆਖਿਆ | ਇੰਜ. ਕਰਮਜੀਤ ਸਿੰਘ ਨੂਰ | 5 |
| 4 | ਗੁਰੂ ਅਰਜਨ ਦੇਵ ਸਾਹਿਬ ਦੇ ਸ਼ਹੀਦੀ ਦਿਵਸ ਨੂੰ ਸਮਰਪਤ ਛਬੀਲ | ਡਾ. ਕਾਬਲ ਸਿੰਘ | 7 |
| 5 | ਗੁਰਬਾਣੀ ਅਧਾਰਿਤ ਪ੍ਰਸ਼ਨੋਤਰੀ: ਭਾਗ 1 | ਡਾ. ਤਰਲੋਕ ਸਿੰਘ ਸਹੋਤਾ | 9 |
| 6 | ਸ਼ਹੀਦੀ ਪੁਰਬ ਗੁਰੂ ਅਰਜਨ ਦੇਵ ਸਾਹਿਬ ਤੇ ਵਿਸ਼ੇਸ਼- ਅਰਸ਼ੀ ਨੂਰ (ਗੀਤ) | ਸ਼੍ਰੀਮਤੀ ਗੁਰਦੀਸ਼ ਕੌਰ ਗਰੇਵਾਲ | 11 |
| 7 | Why There is no woman Guru: Part 1 | Dr. Kala Singh | 12 |
| 8 | ਸ੍ਰੀ ਗੁਰੂ ਅਮਰਦਾਸ ਜੀ: ਸੇਵਾ ਦੀ ਮਹਕ ਅਤੇ ਨਿਮਰਤਾ ਦੀ ਜੋਤ | ਸ਼੍ਰੀਮਤੀ ਬਰਜਿੰਦਰ ਕੌਰ | 16 |
| 9 | ਵਾਰਾਂ ਭਾਈ ਗੁਰਦਾਸ ਜੀ: ਭਾਗ ਚੌਥਾ | ਸ. ਜਸਵਿੰਦਰ ਸਿੰਘ ਰੁਪਾਲ | 18 |
| 10 | ਕੈਲੀ ਗਰਾਫੀ | ਸ਼੍ਰੀਮਤੀ ਮਨਿੰਦਰ ਕੌਰ | 20 |
| 11 | ਦਰਸ਼ਨ ਤੇ ਦਿਖਾਵਾ | ਪ੍ਰੋ. ਮਨਿੰਦਰ ਸਿੰਘ | 21 |
| 12 | ਸਿਮਰਨ ਤੋਂ ਪ੍ਰਾਪਤੀਆਂ: ਭਾਗ 1 | ਸ. ਫੂਲਾ ਸਿੰਘ | 23 |
| 13 | ਪੰਚ ਸਬਦ (ਅਨਹਦ ਨਾਦ): ਭਾਗ 1 | ਸ਼੍ਰੀਮਤੀ ਕਿਰਪਾਲ ਕੌਰ | 26 |
| 14 | ਗੁਰੂ ਹਰਿ ਰਾਏ ਸਹਿਬ – ਬਖਸ਼ਾਂ: ਭਾਗ 1 | ਡਾ. ਕਾਬਲ ਸਿੰਘ | 29 |
| 15 | ਪਿਤਾ ਦਿਵਸ ਤੇ ਵਿਸ਼ੇਸ਼-ਧੀ ਵਲੋਂ ਦਰਦਾਂ ਭਰਿਆ ਗੀਤ | ਸ਼੍ਰੀਮਤੀ ਗੁਰਦੀਸ਼ ਕੌਰ ਗਰੇਵਾਲ | 32 |
| 16 | ਗੁਰਬਾਣੀ ਅਨੁਸਾਰ ਸਿਖੀ, ਸਿਖ ਅਤੇ ਧਰਮ ਦੇ ਕੀ ਭਾਵ ਹਨ (ਵਿਚਾਰਾਂ ਦਾ ਸੰਖੇਪ) | ਡਾ. ਕਾਬਲ ਸਿੰਘ, ਸ. ਗੁਰਬਖਸ਼ ਸਿੰਘ ਬਾਸੀ | 33 |
| 17 | ਕੈਨੇਡੀਅਨ ਸੋਸਾਇਟੀ ਆਫ਼ ਐਗਰੋਨੋਮੀ ਵਲੋਂ ਤਿੰਨ ਸਿੰਘ ਪੁਰਸਕਾਰਾਂ ਨਾਲ ਸਨਮਾਨਤ | ਡਾ. ਤਰਲੋਕ ਸਿੰਘ ਸਹੋਤਾ | 36 |
| 18 | ਲੇਖਕਾਂ ਲਈ ਜਰੂਰੀ ਜਾਣਕਾਰੀ | | 37 |
| 19 | ਐਡੀਟੋਰੀਅਲ ਬੋਰਡ ਤੇ ਸਲਾਹਕਾਰ | | 38 |

# ਸੰਪਾਦਕੀ

ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਹਾੜ ਦਾ ਮਹੀਨਾ 15 ਜੂਨ ਤੋਂ ਸ਼ੁਰੂ ਹੁੰਦਾ ਹੈ।

ਸਾਰੇ ਖਾਲਸਾ ਪੰਥ ਲਈ ਨਾਨਕਸ਼ਾਹੀ ਕੈਲੰਡਰ ਵਿਸ਼ੇਸ਼ ਮਹਤੱਤਾ ਰਖਦਾ ਹੈ। ਨਾਨਕਸ਼ਾਹੀ ਕੈਲੰਡਰ ਵਿਚ ਸਾਰੇ ਸਿੱਖ ਗੁਰਪੁਰਬਾਂ ਅਤੇ ਤਿਉਹਾਰਾਂ ਦੀਆਂ ਤਾਰੀਖਾਂ ਗੁਰਬਾਣੀ 'ਬਾਰਹ ਮਾਹਾ' ਦੀਆਂ ਰੁੱਤਾਂ ਅਨੁਸਾਰ ਨਿਸ਼ਚਿਤ ਹੁੰਦੀਆਂ ਹਨ ਅਤੇ ਕਦੀ ਵੀ ਬਦਲਦੀਆਂ ਨਹੀਂ।

ਹਾੜ੍ਹ ਵਿਚ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਸਾਹਿਬ ਦਾ ਸ਼ਹੀਦੀ ਦਿਹਾੜਾ ਹੈ। ਸ੍ਰੀ ਅਕਾਲ ਤਖਤ ਸਾਹਿਬ ਦੀ ਨੀਂਹ 18 ਹਾੜ੍ਹ ਨੂੰ ਰੱਖੀ ਗਈ ਸੀ। 21 ਹਾੜ੍ਹ ਨੂੰ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦਾ ਪ੍ਰਕਾਸ਼ ਗੁਰਪੁਰਬ ਹੈ। ਬਹੁਤ ਦੁਖਦਾਈ 'ਸਾਕਾ ਨੀਲਾ ਤਾਰਾ' ਵੀ ਇਸੇ ਮਹੀਨੇ ਵਿਚ ਵਾਪਿਰਆ ਸੀ।

ਇਸ ਮਹੀਨੇ ਵਿਚ ਕੁਝ ਹੋਰ ਮਹੱਤਵਪੂਰਣ ਇਤਹਾਸਕਿ ਦਿਨ ਇਹ ਹਨ:

- ਜਨਮ ਦਿਨ ਭਗਤ ਕਬੀਰ ਜੀ 4 ਹਾੜ੍ਹ।
- ਸ਼ਹੀਦੀ ਬਾਬਾ ਬੰਦਾ ਸਿੰਘ ਬਹਾਦਰ 11 ਹਾੜ੍ਹ
- ਬਰਸੀ ਮਹਾਰਾਜਾ ਰਣਜੀਤ ਸਿੰਘ 15 ਹਾੜ੍ਹ
- ਸ਼ਹੀਦੀ ਭਾਈ ਮਨੀ ਸਿੰਘ ਜੀ 25 ਹਾੜ੍ਹ।

ਅੰਤਰ-ਰਾਸ਼ਟਰੀ ਪੱਧਰ ਉਤੇ ਇਸ ਮਹੀਨੇ ਵਿਚ ਹੇਠ ਲਿਖੇ ਦਿਨ ਮਨਾਏ ਜਾਂਦੇ ਹਨ ਤਾਂ ਕਿ ਲੋਕਾਂ ਦਾ ਧਿਆਨ ਇਨ੍ਹਾਂ ਵਿਸ਼ਿਆਂ ਦੀ ਮਹਤੱਤਾ ਵਲ ਦਿਵਾਇਆ ਜਾ ਸਕੇ:

- 'ਵਾਤਾਵਰਣ ਸੁਰੱਖਿਆ' ਦਿਨ
- 'ਬੱਚਿਆਂ ਦੇ ਮੁੱਢਲੇ ਅਧਿਕਾਰਾਂ' ਦਾ ਦਿਨ
- 'ਨਸ਼ਿਆਂ ਵਿਰੁੱਧ ਦਿਨ'
- 'ਪਿਤਾ ਦਿਵਸ' ।

## ਲੇਖਕਾਂ ਲਈ ਜਾਣਕਾਰੀ

ਲੇਖਕ ਆਪਣੀਆਂ ਪੰਜਾਬੀ (ਗੁਰਮੁਖੀ ਲਿਪੀ ਵਿਚ) ਜਾਂ ਅੰਗਰੇਜ਼ੀ ਵਿਚ ਮੌਲਿਕ ਰਚਨਾਵਾਂ info@sanjhivirasat.org ਈ ਮੇਲ ਤੇ ਭੇਜ ਸਕਦੇ ਹਨ। ਰਚਨਾਵਾਂ ਸੰਖੇਪ ਹੋਣ, ਲੰਬੇ ਲੇਖ ਵੈਬਸਾਈਟ (sanjhivirasat.org) ਦੇ 'ਬਲਾਗ' ਉਤੇ ਜਾਂ ਲੜੀਵਾਰ ਛਾਪੇ ਜਾ ਸਕਦੇ ਹਨ। ਲਿਖਤਾਂ ਕਿਸੇ ਧਰਮ, ਸੰਸਥਾ ਜਾਂ ਪਾਰਟੀ ਵਿਰੁੱਧ ਜਾਂ ਕਿਸੇ ਵਿਵਾਦਤ ਵਿਅਕਤੀ ਬਾਰੇ ਨਾ ਹੋਣ। ਹੋਰ ਜਾਣਕਾਰੀ 'ਲੇਖਕਾਂ ਲਈ ਜਰੂਰੀ ਜਾਣਕਾਰੀ' ਵਾਲੇ ਸਫੇ ਤੇ ਹੈ ਜੀ।

ਪਾਠਕਾਂ ਅਤੇ ਲੇਖਕਾਂ ਦੇ ਸਹਿਯੋਗ ਦਾ ਧੰਨਵਾਦ।

ਕਾਬਲ ਸਿੰਘ (ਐਡਮਿੰਟਨ, ਕੈਨੇਡਾ)

****************************************************

## ਬਾਰਹ ਮਾਹਾ ਤੁਖਾਰੀ ਛੰਤ ਮਹਲਾ 1

**ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ॥**
**ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ॥**
**ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੇ॥**
**ਨਾਨਕ ਜਿਸ ਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ॥ {ਪੰਨਾ 1108}**

### ਵਿਆਖਿਆ

ਪ੍ਰੋ. ਮਨਿੰਦਰ ਸਿੰਘ (ਐਡਮਿੰਟਨ, ਕੈਨੇਡਾ)



ਆਸਾੜ੍ਹ ਦੇ ਮਹੀਨੇ ਭਾਰਤ ਵਿਚ ਅਤਿ ਦੀ ਗਰਮੀ ਪੈਂਦੀ ਹੈ। ਤੇਜ਼ ਧੁੱਪ ਧਰਤੀ ਦੀ ਨਮੀ ਨੂੰ ਸੁਕਾ ਦੇਂਦੀ ਹੈ। ਸਬਦ ਸਤਿਗੁਰੂ ਮਨੁੱਖੀ ਜੀਵਨ ਵਿਚ ਵਿਕਾਰਾਂ ਦੀ ਗਰਮੀ ਨਾਲ ਆਈ ਤਪਸ਼ ਦੀ ਵਿਚਾਰ ਕਰਦੇ ਹਨ। ਵਿਕਾਰਾਂ ਵਿਚ ਗ੍ਰਸਤ ਜੀਵਨ ਇਨ੍ਹਾਂ ਦੀ ਤਪਸ਼ ਤੋਂ ਵਿਆਕੁਲ ਹੋ ਜਾਂਦਾ ਹੈ। ਫ਼ਿਰ ਵੀ ਔਗੁਣਾਂ ਦੀ ਤਪਸ਼ ਸੂਰਜ ਦੀ ਗਰਮੀ ਵਾਂਗ ਹਾਰ ਨਹੀ ਮੰਨਦੀ। ਜਦ ਸੂਰਜ ਦਾ ਰਥ (ਉਤੱਰ ਵਲ) ਫਿਰ ਜਾਂਦਾ ਹੈ ਤਾਂ ਗਰਮੀ ਰੂਪੀ ਔਗੁਣਾਂ ਦੇ ਚੱਕਰ ਤੋਂ ਪਰੇਸ਼ਾਨ ਮਨ ਠੰਡ ਭਾਲਣ ਲਈ ਪੁਕਾਰਾਂ ਕਰਦਾ ਹੈ। ਜਿਵੇਂ ਗਰਮੀ ਦਾ ਸਤਾਇਆ ਬੀਂਡਾ ਛਾਂ ਦੀ ਭਾਲ ਵਿਚ ਚੀਕਦਾ ਹੋਵੇ। ਔਗੁਣਾਂ ਵਿਚ ਗ੍ਰਸਤ ਜੀਵ ਦੇ ਦੁਖ ਉਸਦੇ ਨਾਲ ਜਾਂਦੇ ਹਨ। ਪ੍ਰਭੂ ਦੇ ਸਿਮਰਨ ਨਾਲ ਹੀ ਜੀਵ ਸੁਖੀ ਹੋ ਸਕਦਾ ਹੈ। ਆਪਣਾ ਆਪਾ ਸਿਤਗੁਰਾਂ ਨੂੰ ਸਮਰਪਤ ਕਰਨ ਨਾਲ ਅਤੇ ਹੁਕਮ ਅਨੁਸਾਰ ਜੀਣ ਤੇ ਮਰਣ ਦੀ ਸੋਝੀ ਆ ਜਾਂਦੀ ਹੈ।

## ਬਾਰਹ ਮਾਹਾ ਤੁਖਾਰੀ ਛੰਤ ਮਹਲਾ 1

**ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ॥**

**ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ॥**

**ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੇ॥**

**ਨਾਨਕ ਜਿਸ ਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ॥ {ਪੰਨਾ 1108}**

**ਕਾਵਿਕ ਵਿਆਖਿਆ**

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ

ਹਾੜ ਦਾ ਮਹੀਨਾ ਜਦੋਂ ਚੜਦਾ,
ਤਾਂ ਅੰਬਰਾਂ ਤੇ ਸੂਰਜ ਹੈ ਅੱਗ ਵਾਂਗੂ ਤਪਦਾ।

ਸੋਖ ਲੈਂਦੀ ਪਾਣੀ ਸਾਰਾ ਧਰਤੀ ਦਾ,
ਸੀਨਾ ਵੀ ਹੈ ਅੱਗ ਵਾਲੀ ਭੱਠੀ ਵਾਂਗੂੰ ਭਖਦਾ।

ਚੂਸ ਲੈਂਦੀ ਪਾਣੀ ਸਾਰਾ ਧੁਖ ਧੁਖ ਮਰੀਦਾ ਹੈ,
ਸੂਰਜ ਨਹੀਂ ਕੰਮ ਤਾਂ ਵੀ ਛੱਡਦਾ।

ਸੂਰਜ ਦਾ ਰੱਥ ਘੁੰਮੇ,
ਜਿੰਦ ਭਾਲੇ ਛਾਂ ਪਈ,
ਭੀਂ ਭੀਂ ਦੀ 'ਵਾਜ਼ ਬੀਂਡਾ ਕੱਢਦਾ।

ਦੁੱਖ ਪਾਉਂਦੀ ਜ਼ਿੰਦਗੀ 'ਚ,
ਜਿਹੜੀ ਜੀਵ ਇਸਤਰੀ ਨੇ,
ਭਾਰ ਬੰਨ ਔਗੁਣਾਂ ਦਾ ਚਾ ਲਿਆ।
ਸੁਖ ਪਾਉਂਦੀ ਸਦਾ ਥਿਰ ਰਹਿਣ ਵਾਲੇ ਪ੍ਰਭੂ ਤਾਈਂ,
ਹਿਰਦੇ 'ਚ ਜੇਸ ਨੇ ਟਿਕਾ ਲਿਆ।

ਨਾਨਕ ਜੀ ਆਖਦੇ ਨੇ,
ਜਿਸ ਜੀਵ ਇਸਤਰੀ ਨੂੰ,
ਇਹੋ ਜਿਹਾ ਮਨ ਪ੍ਰਭੂ ਦੇਂਦਾ ਹੈ

ਉਸ ਜੀਵ ਆਤਮਾ ਦਾ ਨਾਲ ਪਰਮਾਤਮਾ ਦੇ ਸਾਥ 'ਨੂਰ',
ਅੰਗ ਸੰਗ ਰਹਿੰਦਾ ਹੈ।

ਸਤਗੁਰਾਂ ਨੂੰ ਸਮਰਪਤ ਕਰਨ ਨਾਲ,
ਅਤੇ ਹੁਕਮ ਅਨੁਸਾਰ ਜੀਣ ਤੇ ਮਰਣ ਦੀ ਸੋਝੀ ਆ ਜਾਂਦੀ ਹੈ।



# ਬਾਰਹ ਮਾਹਾ ਮਾਂਝ ਵਿੱਚੋਂ ਹਾੜ੍ਹ ਮਹੀਨੇ ਦੇ ਪਾਠ ਦੇ ਭਾਵ ਅਰਥ ਤੇ ਕਾਵਿਕ ਵਿਆਖਿਆ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ

**ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪**

**ੴ ਸਤਿਗੁਰ ਪ੍ਰਸਾਦਿ ।**

**ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥ ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥ ਦੁਯੈ ਭਾਇ ਵਿਗੁਚੀਐ ਗਲ ਪਈਸੁ ਜਮ ਕੀ ਫਾਸ॥ ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥ ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ॥ ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ॥ ਕਿਰ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ॥ ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ॥ ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ॥** (ਪੰਨਾ 134)

**ਭਾਵ ਅਰਥ**

ਬਾਰਹ ਮਾਹਾ ਵਿਚ ਆਸਾੜੁ (ਹਾੜ੍ਹ) ਮਹੀਨੇ ਨੂੰ ਆਧਾਰ ਬਣਾ ਕੇ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਸਾਨੂੰ ਉਪਦੇਸ਼ ਕਰ ਰਹੇ ਹਨ। ਇਸ ਮਹੀਨੇ ਦੀ ਤਪਸ਼ ਉਨ੍ਹਾਂ ਨੂੰ ਹੀ ਲੱਗਦੀ ਹੈ ਜਿਨ੍ਹਾਂ ਦੇ ਹਿਰਦੇ ਵਿਚ ਹਰੀ ਦਾ ਸੀਤਲ ਨਾਮ ਨਹੀਂ ਵਸਿਆ। ਜਗਤ ਨੂੰ ਜੀਵਨ ਦੇਣ ਵਾਲੇ ਪਰਮਾਤਮਾ ਨੂੰ ਛੱਡ ਕੇ ਕਿਸੇ ਇਨਸਾਨ ਤੇ ਆਸ ਰੱਖਣ ਵਾਲੇ ਵਿਅਕਤੀ ਦੁਚਿੱਤੀ ਵਿਚ ਪੈ ਕੇ ਖੱਜਲ ਖਰਾਬ ਹੁੰਦੇ ਹਨ ਅਤੇ ਜ਼ਿੰਦਗੀ ਦੀ ਰਾਤ ਮੁੱਕਣ ਤੇ ਪਛਤਾਉਂਦੇ ਹਨ। ਨਿਰਾਸ਼ ਹੋ ਕੇ ਅਜਿਹੇ ਮਨੁੱਖ ਇਸ ਸੰਸਾਰ ਤੋਂ ਚਲੇ ਜਾਂਦੇ ਹਨ। ਗੁਰੂ ਜੀ ਫੁਰਮਾਉਂਦੇ ਹਨ ਕਿ ਮੇਰੀ (ਪਰਮਾਤਮਾ ਅੱਗੇ) ਅਰਦਾਸ ਹੈ ਕਿ ਮੈਨੂੰ ਤੇਰੇ ਦਰਸ਼ਨ ਦੀ ਪਿਆਸ ਲੱਗੀ ਰਹੇ। ਉਸ ਵਿਅਕਤੀ ਨੂੰ ਹਾੜ੍ਹ ਦਾ ਤਪਦਾ ਹੋਇਆ ਮਹੀਨਾ ਵੀ ਸੁਹਾਵਣਾ ਲੱਗਦਾ ਹੈ ਜਿਹੜਾ ਆਪਣੇ ਹਿਰਦੇ ਵਿਚ ਹਰੀ ਨੂੰ ਵਸਾਈ ਰੱਖਦਾ ਹੈ।

**ਕਾਵਿਕ ਵਿਆਖਿਆ**

ਠੰਡ ਹਰੀ ਨਾਮ ਦੀ ਨਾ ਹੋਵੇ ਜਿਨ੍ਹਾਂ ਹਿਰਿਦਆਂ ਚ, ਹਾੜ ਦਾ ਮਹੀਨਾ ਉਹਨਾਂ ਤਾਈਂ ਹੀ ਤਪਾਉਂਦਾ ਹੈ।

ਜਿੰਦਗੀ ਦੇ ਦਾਤੇ, ਪ੍ਰਮਾਤਮਾ ਨੂੰ ਛੱਡ ਕੇ ਤੇ, ਬੰਦਾ ਜਦੋ ਆਸ, ਕਿਸੇ ਬੰਦੇ ਦੀ ਤਕਾਉਂਦਾ ਹੈ।

ਓਟ ਕਿਸੇ ਹੋਰ ਦੀ ਜੋ ਤੱਕਦਾ, ਖੁਆਰ ਹੁੰਦਾ, ਜਮਾਂ ਵਾਲੀ ਫਾਹੀ, ਗਲੇ ਆਪਣੇ ਪਵਾਉਂਦਾ ਹੈ।

ਜਿਹੋ ਜਿਹਾ ਬੀਜਦਾ ਹੈ, ਓਹੋ ਜਿਹਾ ਵੱਢਦਾ ਹੈ, ਮੱਥੇ ਉਤੇ ਲੇਖ ਜੋ, ਲਿਖਾ ਕੇ ਲਿਆਉਂਦਾ ਹੈ।

ਉਮਰਾਂ ਦੀ ਰਾਤ, ਲੰਘ ਜਾਂਦੀ ਹੈ ਨਿਰਾਸਤਾ 'ਚ, ਤੁਰ ਜਾਂਦਾ ਜੀਵ, ਪਰ ਜਾਂਦਾ ਪਛਤਾਉਂਦਾ ਹੈ।

ਸਾਧੂ ਦਾ ਮਿਲਾਪ, ਜਿਹਨੂੰ ਹੋ ਜਾਵੇ ਜਿੰਦਗੀ 'ਚ, ਮੁਕਤੀ ਵੀ ਉਹੀ ਦਰਗਾਹ ਵਿਚ ਪਾਉਂਦਾ ਹੈ।

ਕਰ ਦੇ ਤੂੰ ਕਿਰਪਾ, ਤੇ ਦਰਸ਼ਨਾਂ ਦੀ ਪਿਆਸ ਲਾ ਦੇ, ਨਾਨਕ ਇਹ ਤੇਰੇ ਅੱਗੇ, ਬੇਨਤੀ ਸੁਣਾਉਂਦਾ ਹੈ।

ਪ੍ਰਭੂ ਤੇਰੇ ਚਰਣਾਂ ਚ, ਏਹੋ ਅਰਦਾਸ ਮੇਰੀ, ਤੇਰੇ ਬਿਨ ਦੂਜਾ, ਕੋਈ ਹੋਰ ਨਾ ਧਿਆਉਂਦਾ ਹੈ।

'ਨੂਰ' ਉਹਨੂੰ ਹਾੜ ਵੀ, ਸੁਹਾਨਾ ਬੜਾ ਲਗਦਾ ਹੈ, ਹਿਰਦੇ ਚ ਜੋ ਅਪਣੇ ਹਰੀ ਨੂੰ ਵਸਾਉਂਦਾ ਹੈ।



# ਗੁਰੂ ਅਰਜਨ ਦੇਵ ਸਾਹਿਬ ਦੇ ਸ਼ਹੀਦੀ ਦਿਵਸ ਨੂੰ ਸਮਰਪਤ ਛਬੀਲ

ਕਾਬਲ ਸਿੰਘ (ਐਡਮਿੰਟਨ, ਕੈਨੇਡਾ)

ਮਹਾਨ-ਕੋਸ਼ ਅਨਸਾਰ 'ਛਬੀਲ' ਅਰਬੀ ਲਫਜ 'ਸਬੀਲ' ਦਾ ਪ੍ਰਤੀਕ ਹੈ, ਜੋ 'ਪਉ' ਅਥਵਾ 'ਪਿਆਉ' ਲਈ ਵਰਤਿਆ ਜਾਂਦਾ ਹੈ। ਪੰਜਾਬੀ ਪੀਡੀਆ ਅਨੁਸਾਰ ਸਬਦ ਛਬੀਲ ਇਕ ਸੰਗਯਾ ਹੈ, ਜਿਸ ਨੂੰ ਰਾਹ, ਤਰੀਕਾ, ਰਸਤਾ, ਪਉ ਜਲ ਪੀਣ ਦਾ ਅਸਥਾਨ (ਖਾਸ ਕਰਕੇ ਜੋ ਮੁਹੱਰਮ ਦੇ ਪਹਿਲੇ 10 ਦਿਨਾਂ ਵਿਚ), ਅਤੇ ਵੈਰੀ ਉਤੇ ਹੱਲਾ ਕਰਨ ਦਾ ਮੌਕਾ ਦਰਸਾਉਂਣ ਲਈ ਵਰਤਿਆ ਗਿਆ ਹੈ।

ਗੁਰੂ ਅਰਜਨ ਦੇਵ ਸਾਹਿਬ ਦੇ ਸ਼ਹੀਦੀ ਦਿਵਸ ਨੂੰ ਸਮਰਪਤ ਛਬੀਲਾਂ ਸਿਖ ਧਰਮ ਅਸਥਾਨਾ ਤੇ ਸੰਸਥਾਵਾ ਵਲੋਂ ਲਗਾਈਆਂ ਜਾਂਦੀਆ ਹਨ। ਇਨ੍ਹਾਂ ਵਿਚ ਮੁਖ ਤੌਰ ਤੇ ਕੱਚੀ ਲਸੀ (ਦੁਧ ਵਿਚ ਜਿਆਦਾ ਪਾਣੀ ਰਲਾ ਕੇ ਬਣਾਇਆ ਘੋਲ) ਵਿਚ ਮਿਠਾ ਪਾ ਕੇ ਸੰਗਤ (ਸਭ ਲੋਕਾਂ) ਨੂੰ ਪਿਆਈ ਜਾਂਦੀ ਹੈ। ਛਬੀਲਾਂ ਵਿਚ ਧਰਮ ਅਸਥਾਨਾਂ ਵਿਚ ਅਤੇ ਬਾਹਰ ਰਾਹਾਂ, ਸੜਕਾਂ, ਬੱਸ ਅੱਡਿਆਂ ਅਤੇ ਰੇਲ ਗਡੀਆਂ ਦੇ ਸਟੇਸ਼ਨਾ ਤੇ ਮੁਸਾਫਰਾਂ ਨੂੰ ਰੋਕ ਕੇ ਮਿਠੀ ਕੱਚੀ ਲਸੀ ਬੜੇ ਉਤਸ਼ਾਹ ਬੜੇ, ਸ਼ਰਧਾ ਤੇ ਸੇਵਾ ਭਾਵਨਾਂ ਨਾਲ ਨਾਲ ਵਰਤਾਈ ਜਾਂਦੀ ਹੈ। ਕਈ ਵਾਰ ਸੇਵਾਦਾਰ ਬਹੁਤ ਜੋਰ ਨਾਲ ਪਿਆਉਂਣ ਦੀ ਕੋਸ਼ਿਸ਼ ਕਰਦੇ ਵੇਖੇ ਜਾ ਸਕਦੇ ਹਨ।

ਇਹ ਛਬੀਲਾਂ ਗੁਰੂ ਅਰਜਨ ਦੇਵ ਸਾਹਿਬ ਪ੍ਰਤੀ ਸੰਗਤ ਵਲੋਂ ਉਨ੍ਹਾਂ ਦੀ ਸਿਖ ਧਰਮ ਲਈ ਪਹਿਲੀ ਕੁਰਬਾਨੀ ਨੂੰ ਸਨਮਾਨ ਪ੍ਰਗਟ ਕਰਨ ਦਾ ਵਸੀਲਾ ਦਰਸਾਇਆ ਜਾਂਦਾ ਹੈ।

ਸੇਵਾ ਤੇ ਗੁਰੂ ਸਾਹਿਬ ਦਾ ਸਨਮਾਨ ਮੁਬਾਰਕ ਹਨ। ਛਬੀਲਾਂ ਲਾਓ। ਪਰ ਹਰ ਸਾਲ ਕਰੋਰਾਂ ਰੁਪਈਏ ਖਰਚ ਕਰਕੇ ਕੌਮ ਨੂੰ ਲਾਭ ਕੀ ਮਿਲਦਾ ਹੈ?

ਉਸ ਦਿਨ ਸਿਖਾਂ ਦੇ ਬਚਿਆਂ ਨੂੰ ਵੀ ਪੁਛੋ ਕਿ ਅਜ ਕੀ ਦਿਹਾੜਾ ਹੈ ਤਾਂ ਜਵਾਬ ਮਿਲਦਾ ਹੈ ਅਜ ਛਬੀਲ (ਕੱਚੀ ਲੱਸੀ) ਵਾਲਾ ਦਿਨ ਹੈ। ਜਿਸਦਾ ਭਾਵ ਇਹ ਹੈ ਕੇ ਅਸੀਂ ਸਿਖ ਬਚਿਆਂ ਨੂੰ ਵੀ ਛਬੀਲ ਲਾਉਂਣ ਪਿਛੇ ਕਾਰਨਾਂ ਤੇ ਗੁਰੂ ਸਾਹਿਬ ਵਲੋਂ ਸੁਨੇਹੇਂ ਬਾਰੇ ਨਹੀਂ ਸਮਝਾ ਪਾਉਂਦੇ। ਸੋ ਅਸੀਂ ਹੋਰ ਧਰਮਾਂ ਵਾਲੇ ਲੋਕਾਂ ਨੂੰ ਕੀ ਸੁਨੇਹਾਂ ਦਿਆਂਗੇ।

ਇਕ ਦਿਨ ਛਬੀਲ ਲਾ ਕੇ ਬਾਕੀ ਦਿਨ ਸਿਖੀ ਦੇ ਉਲਟ, ਨਾਂ ਜੀਵਨ ਵਿਚ ਨਾਮ ਤੇ ਬਾਣੀ, ਕੇਸ ਕਤਲ ਕਰਵਾਉਂਣੇ, ਆਦਿ, ਕਰ ਰਹੇ ਹਾਂ। ਅਸੀਂ ਸ਼ਹੀਦੀ ਪਿਛੇ ਕਾਰਨ ਸੰਗਤ ਨੂੰ ਕੀ ਸਮਝਾ ਸਕਦੇ ਹਾਂ। ਛਬੀਲਾਂ ਲਾਉਣ ਦਾ ਕੀ ਲਾਭ ਜੇ ਕਿਸੇ ਨੂੰ ਸਿਖੀ ਦਾ ਸੁਨੇਹਾਂ ਹੀ ਨਹੀਂ ਦੇ ਸਕਦੇ।

ਸਿਖ ਮਿਸ਼ਨਰੀ ਕਾਲਜਾਂ ਦੇ ਅਤੇ ਕੁਝ ਹੋਰ ਪ੍ਰਚਾਰਕਾਂ ਵਲੋਂ ਛਬੀਲਾਂ ਉਪਰ ਏਨੇ ਵੱਡੇ ਖਰਚੇ ਨੂੰ ਘਟਾ ਕੇ ਗੁਰੂ ਸਾਹਿਬ ਦੀ ਸ਼ਹੀਦੀ ਪਿਛੇ ਕਾਰਨਾਂ ਅਤੇ ਗੁਰੂ ਸਾਹਿਬ ਵਲੋਂ ਸੁਨੇਹੇਂ ਬਾਰੇ ਸੰਗਤ ਨੂੰ ਜਾਣਕਾਰੀ ਪ੍ਰਦਾਨ ਕਰਨੀ ਜਿਆਦਾ ਲਾਹੇਵੰਦ ਹੋ ਸਕਦੀ ਹੈ। ਮਿਸਾਲ ਵਜੋਂ ਛਬੀਲ ਸਬੰਧੀ ਭਾਈ ਬਲਵਿੰਦਰ ਸਿੰਘ (ਦੇਹਰਾਦੂਨ) ਵਲੋਂ ਇਕ ਕਥਾ ਰਾਹੀਂ ਪਰਗਟ ਕੀਤੇ ਵਿਚਾਰ ਬਹੁਤ ਢੁਕਵੇਂ ਪ੍ਰਤੀਕ ਹੁੰਦੇ ਹਨ:

ਭਾਈ ਸਾਹਿਬ ਵਲੋਂ ਸੁਝਾ ਹਨ ਜਿ ਸ਼ਹੀਦੀ ਦਿਹਾੜੇ ਤੇ ਛਬੀਲਾਂ ਲਾਓ। ਪਰ ਛਬੀਲ ਤਿਆਰ ਕਰਨ ਵਾਸਤੇ ਰਸਦ ਬਦਲ ਲਓ:

ਸਭ ਤੋਂ ਪਹਿਲਾਂ, ਆਪਣਾ ਭਾਂਡਾ ਗੁਰਮਤ ਅਨੁਸਾਰ ਬਦਲ ਲਓ, ਜਿਵੇਂ ਗੁਰਬਾਣੀ ਵਿਚ ਦਰਸਾਇਆ ਹੈ:

**"ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ॥ ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ॥**

(ਪੰਨਾ 730)

ਪਹਿਲਾਂ ਭਾਂਡੇ ਵਿਚ ਪਾਉਦੇ ਹਾਂ ਪਾਣੀ। ਸੁਚੇ ਕੀਤੇ ਮਨ ਵਿਚ ਪਾਓ ਬਾਣੀ।

ਕਚੀ ਲਸੀ ਲਈ ਪਾਣੀ ਵਿਚ ਪਾਉਂਦੇ ਹਾਂ ਦੁਧ। ਮਤ ਵਿਚ ਗੁਰੁ ਗਿਆਨ ਦੇ ਪ੍ਰਕਾਸ਼ ਵਾਲੀ ਬੁਧ ਰੂਪੀ ਦੁਧ ਵਰਤ ਲਓ। ਗੁਰਬਾਣੀ ਪ੍ਰਚਾਰ ਲਈ।

ਫਿਰ ਮਿਠਾ (ਖੰਡ ਆਦਿ) ਪਾਇਆ ਜਾਂਦਾ ਹੈ। ਮਿਠਾ ਉਹ ਪਾਓ ਜੋ ਸਦਾ ਨਿਭ ਜਾਵੇ। ਨਿਭ ਗਈ ਨਾਂ ਜਿਨ੍ਹਾਂ ਦਾ ਨਾਂ ਰੋਜ ਅਰਦਾਸ ਵਿਚ ਲੈਂਦੇ ਹਾਂ। '**ਜਿਨ੍ਹਾਂ ਸਿਖੀ ਕੇਸਾਂ ਸੁਆਸਾਂ ਨਾਲ ਨਿਭਾਈ।**'

ਨਾਲ ਅਸੀ ਪਾਉਂਦੇ ਹਾਂ ਸ਼ਰਬਤ। ਸ਼ਰਬਤ ਵੀ ਸਰਬਤ ਦਾ ਭਲੇ ਦਾ ਹੋਵੇ, ਜਿਵੇਂ ਰੋਜ ਅਰਦਾਸ ਵਿਚ ਮੰਗਦੇ ਹਾਂ। ਨਾਲ ਆਪਣੇ ਭਲੇ ਦੀ ਵੀ ਅਰਦਾਸ ਕਰੋ।

ਵਰਤਾਉਂਣ ਲਈ ਜਗ ਵਰਤੇ ਜਾਂਦੇ ਹਨ। ਸੋ ਜਗ ਨਾਲ ਕਚੀ ਲਸੀ ਵਰਤਾਉਂਣ ਦੇ ਨਾਲ ਨਾਲ ਬੁਧ ਦੇ ਜਗ ਨਾਲ ਗੁਰਬਾਣੀ ਬਾਰੇ ਜਾਣਕਾਰੀ ਵੀ ਸਾਰੇ ਜਗ ਨੂੰ ਵਰਤਾਓ।

ਦਸੋ ਤਾਂ ਸਹੀ ਕਿ ਛਬੀਲ ਤੇ ਗੁਰੂ ਸਾਹਿਬ ਦੀ ਸ਼ਹੀਦੀ ਪਿਛੇ ਕੀ ਕਾਰਣ ਹਨ। ਚਾਹੀਦਾ ਇਹ ਹੈ ਕਿ ਛਬੀਲ ਛਕਾਉਂਣ ਵੇਲੇ ਦੂਸਰੇ ਧਰਮਾਂ ਦੀ ਸੰਗਤ ਨੂੰ ਸਿਖ ਧਰਮ ਤੇ ਸ਼ਹੀਦੀ ਬਾਰੇ ਸਮਝਾਈਐ ਤੇ ਪਰਚੇ ਛਪਵਾ ਕੇ ਜਾਣਕਾਰੀ ਵੀ ਵੰਡੀਏ।

ਉਪਰ ਲਿਖੇ ਤਰੀਕੇ ਨਾਲ ਬਣਾਈ ਛਬੀਲ ਨੂੰ ਵਰਤਾਉਂਣ ਰਾਹੀ ਸਭ ਸੰਗਤ (ਹਰ ਉਮਰ ਤੇ ਧਰਮ ਦੇ ਲੋਕ) ਨੂੰ ਸ਼ਰਬਤ ਵਾਲੀ ਛਬੀਲ ਦੇ ਨਾਲ ਗੁਰਬਾਣੀ ਜਾਣਕਾਰੀ ਵਾਲੀ ਛਬੀਲ ਵੀ ਛਕਾਓ।

ਪੰਜਾਬ ਤੋਂ ਬਾਹਰ ਛਬੀਲ ਲਾਓ ਤਾਂ ਲੋੜ ਅਨੁਸਾਰ ਉਥੋਂ ਦੀ ਸਥਾਨਕ ਭਾਸ਼ਾ ਵਿਚ ਗੁਰੂ ਸਾਹਿਬ ਦੀ ਸ਼ਹੀਦੀ ਸਬੰਧਤ ਕਾਰਨਾਂ ਬਾਰੇ ਜਾਣਕਾਰੀ ਛਪਵਾ ਕੇ ਛਬੀਲ ਛਕਾਉਂਣ ਵੇਲੇ ਵੰਡੋ। ਇਸ ਨਾਲ ਲੋਕਾਂ ਨੂੰ ਸ਼ਹੀਦੀ ਦੇ ਕਾਰਨਾ ਅਤੇ ਸਿਖੀ ਬਾਰੇ ਜਾਣਕਾਰੀ ਮਿਲੇਗੀ।

ਭਾਈ ਬਲਵਿੰਦਰ ਸਿੰਘ ਹੋਰਾਂ ਛਬੀਲ ਦੇ ਨਾਲ ਆਪਣੇ ਸਰੀਰ ਵਿਚ ਤਿਨ ਕਾਰਖਾਨੇ ਲਾਉਂਣ ਲਈ ਸੁਝਾਅ ਦਿਤਾ।

ਪਹਿਲਾ, ਦਿਮਾਗ ਵਿਚ ਬਰਫ ਦਾ ਕਾਰਖਾਨਾ। ਆਪਣੇਂ ਦਿਮਾਗ ਨੂੰ ਠੰਡਾ ਰਖੋ ਤੇ ਆਪਸ ਵਿਚ ਵਿਚ ਵੈਰ ਵਿਰੋਧ ਤੇ ਚੌਧਰਾਂ ਲਈ ਝਗੜੇ ਘਟਾਓ।

ਦੂਸਰਾ, ਜਬਾਨ ਤੇ ਲਾਓ ਮਿਠਾ ਬੋਲਣ ਦਾ ਕਾਰਖਾਨਾਂ। ਹਮੇਸ਼ਾਂ ਮਿਠਾ, ਕੌੜਾ ਨਹੀਂ ਬੋਲਣਾਂ।

**"ਮਿਠ ਬੋਲੜਾ ਜੀ ਹਰਿ ਸਜਣ ਸੁਆਮੀ ਮੋਰਾ।"** (ਪੰਨਾ 784)

ਜੇਕਰ ਗੁਰੂ ਕੌੜਾ ਨਹੀਂ ਬੋਲਦਾ ਤਾਂ ਅਸੀਂ ਕਿਉਂ ਬੋਲੀਏ। ਹੱਥੋਂ ਦੇ ਕੇ ਭਲਾ ਮਨਾਓ।

ਤੀਸਰਾ, ਹਿਰਦੇ ਵਿਚ ਲਾਓ ਪ੍ਰੇਮ ਦਾ ਕਾਰਖਾਨਾ।

ਜਿਸ ਦਿਨ ਸਿਖ ਨੇਂ ਇਹ ਤਿਨ ਕਾਰਖਾਨੇ ਲਗਾ ਲਏ, ਮਨ ਵਿਚ ਸੰਤੋਖ ਦਾ ਚੌਥਾ ਕਾਰਖਾਨਾ ਗੁਰੂ ਸਾਹਿਬ ਨੈਂ ਆਪ ਬਖਸ਼ ਦੇਣਾਂ ਹੈ।

ਉਪਰ ਲਿਖੇ ਵਿਚਾਰ ਅਨੁਸਾਰ ਸੁਝਾ ਹਨ ਕਿ ਛਬੀਲ ਵਿਚ ਸਿਰਫ ਕਚੀ ਲਸੀ ਪਿਆਉਂਣ ਦੇ ਨਾਲ ਗੁਰੂ ਸਾਹਿਬ ਸਬੰਧਤ ਸ਼ਹੀਦੀ ਦੇ ਕਾਰਨਾਂ, ਗੁਰਬਾਣੀ ਤੇ ਸਿਖ ਸਿਧਾਂਤਾਂ ਬਾਰੇ ਪਰਚਿਆਂ ਦੇ ਰੂਪ ਵਿਚ ਤੇ ਹੋਰ ਤਰੀਕਆਂ ਨਾਲ ਜਾਣਕਾਰੀ ਦਿਓ। ਇਸ ਨਾਲ ਸਿਖਾਂ ਤੇ ਹੋਰ ਧਰਮ ਵਾਲੇ ਲੋਕਾਂ ਦੇ ਗਿਆਨ ਵੰਡੋ, ਤਾਂ ਕਿ ਸਭ ਨੂੰ ਸ਼ਹੀਦੀ ਦੇ ਪਿਛੇ ਕਾਰਨਾਂ ਬਾਰੇ ਪਤਾ ਲਗ ਸਕੇ।

**************************************

# ਗੁਰਬਾਣੀ ਅਧਾਰਿਤ ਪ੍ਰਸ਼ਨੋਤਰੀ: ਭਾਗ 1

ਡਾ. ਤਰਲੋਕ ਸਿੰਘ (ਥੰਡਰ ਬੇ, ਕੈਨੇਡਾ)

**ਰੱਬ ਦੀ ਸੰਖ਼ੇਪ ਤੇ ਸੁੰਦਰ ਪ੍ਰੀਭਾਸ਼ਾ ਕੀ ਹੈ?**

**"ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥"** (ਅੰਕ 1)

ਅਕਾਲ ਪੁਰਖ ਇੱਕ ਹੈ, ਜਿਸ ਦਾ ਨਾਮ 'ਹੋਂਦ ਵਾਲ਼ਾ' (ਸਦਾ ਰਹਿਣ ਵਾਲ਼ਾ) ਹੈ, ਜੋ ਸ੍ਰਿਸ਼ਟੀ ਦਾ ਰਚਨਹਾਰ ਹੈ, ਜੋ ਸਭ ਵਿਚ ਵਿਆਪਕ ਹੈ, ਭੈ ਰਹਿਤ ਹੈ, ਵੈਰ-ਰਹਿਤ ਹੈ, ਜਿਸ ਦਾ ਸਰੂਪ ਕਾਲ ਤੋਂ ਪਰੇ ਹੈ (ਭਾਵ, ਜਿਸ ਦਾ ਸਰੀਰ ਨਾਸ-ਰਹਿਤ ਹੈ), ਜੋ ਜੂਨਾਂ ਵਿਚ ਨਹੀਂ ਆਉਂਦਾ, ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ ਅਤੇ ਜੋ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ।

**ਸਚੁ ਕੀ ਹੈ?**

**"ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥"** (ਅੰਕ 1)

ਜੋ ਸਦੀਵੀ ਸੱਚ ਹੈ! ਜੋ ਸਦਾ ਰਹਿਣ ਵਾਲਾ ਹੈ!

ਹੇ ਨਾਨਕ ! ਅਕਾਲ ਪੁਰਖ ਮੁੱਢ ਤੋਂ ਹੋਂਦ ਵਾਲਾ ਹੈ, ਜੁਗਾਂ ਦੇ ਮੁੱਢ ਤੋਂ ਮੌਜੂਦ ਹੈ। ਇਸ ਵੇਲੇ ਭੀ ਮੌਜੂਦ ਹੈ ਤੇ ਅਗਾਂਹ ਨੂੰ ਭੀ ਹੋਂਦ ਵਾਲਾ ਰਹੇਗਾ।

**ਸਚਿਆਰ (ਨਿਰੋਲ ਸੱਚ) ਕਿੱਦਾਂ ਹੋਈਏ? ਕੂੜ ਦੀ ਕੰਧ/ਪਰਦਾ ਕਿੱਦਾਂ ਟੁਟੇ?**

**"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥"** (ਅੰਕ 1)

ਅਕਾਲ ਪੁਰਖ ਦਾ ਪਰਕਾਸ਼ ਹੋਣ ਲਈ ਯੋਗ ਕਿਵੇਂ ਬਣ ਸਕੀਦਾ ਹੈ (ਅਤੇ ਸਾਡੇ ਅੰਦਰ ਦਾ) ਕੂੜ ਦਾ ਪਰਦਾ ਕਿਵੇਂ ਟੁੱਟ ਸਕਦਾ ਹੈ?

**"ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥"** (ਅੰਕ 1)

ਰਜ਼ਾ ਦੇ ਮਾਲਕ ਅਕਾਲ ਪੁਰਖ ਦੇ ਹੁਕਮ ਵਿਚ ਤੁਰਨਾ-(ਇਹੀ ਇਕ ਵਿਧੀ ਹੈ)। ਹੇ ਨਾਨਕ ! (ਇਹ ਵਿਧੀ) ਧੁਰ ਤੋਂ ਹੀ ਜਦ ਤੋਂ ਜਗਤ ਬਣਿਆ ਹੈ, ਲਿਖੀ ਚਲੀ ਆ ਰਹੀ ਹੈ।

ਕਬੀਰ ਜੀ ਫ਼ੁਰਮਾਉਂਦੇ ਹਨ **"ਹੁਕਮੁ ਪਛਾਨਿ ਤਾ ਖਸਮੈ ਮਿਲਣਾ॥"** (ਅੰਕ 92) ਭਾਵ, ਹੁਕਮ ਨੂੰ ਪਛਾਣ ਕੇ ਖਸਮ ਪ੍ਰਭੂ ਨਾਲ਼ ਮਿਲਾਪ ਹੁੰਦਾ ਹੈ!

ਪ੍ਰਭੂ ਨਾਲੋਂ ਜੀਵ ਦੀ ਵਿੱਥ ਮਿਟਾਣ ਦਾ ਇਕੋ ਹੀ ਤਰੀਕਾ ਹੈ ਕਿ ਜੀਵ ਉਸ ਦੀ ਰਜ਼ਾ ਵਿਚ ਤੁਰੇ। ਇਹ ਅਸੂਲ ਧੁਰ ਤੋਂ ਹੀ ਰੱਬ ਵਲੋਂ ਜੀਵ ਲਈ ਜ਼ਰੂਰੀ ਹੈ। ਪਿਤਾ ਦੇ ਕਹੇ ਵਿਚ ਪੁੱਤਰ ਤੁਰਦਾ ਰਹੇ ਤਾਂ ਪਿਆਰ, ਨਾ ਤੁਰੇ ਤਾਂ ਵਿੱਥ ਪੈਂਦੀ ਜਾਂਦੀ ਹੈ। ਪੁੱਤਰਾਂ ਵਿਚੋਂ ਪਿਤਾ ਨੂੰ ਉਸਦਾ ਆਗਿਆਕਾਰੀ ਪੁੱਤਰ ਸਭ ਤੋਂ ਜਿਆਦਾ ਪਿਆਰਾ ਹੁੰਦਾ ਹੈ!

**"ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥"** (ਅੰਕ 1)

ਹੁਕਮ ਬੁੱਝਣ ਨਾਲ਼ ਹਉਮੈ ਭੀ ਦੂਰ ਹੁੰਦੀ ਹੈ!

ਹੇ ਨਾਨਕ ! ਜੇ ਕੋਈ ਮਨੁੱਖ ਅਕਾਲ ਪੁਰਖ ਦੇ ਹੁਕਮ ਨੂੰ ਸਮਝ ਲਏ ਤਾਂ ਫਿਰ ਉਹ ਮੈਂ ਮੈਂ ਨਹੀਂ ਕਰਦਾ (ਭਾਵ, ਫਿਰ ਉਹ ਆਪਣੇ ਆਪ ਨੂੰ ਕਰਤਾ ਕਾਰਕ ਨਹੀਂ ਜਾਣਦਾ। ਮੈਂ ਮੇਰੀ 'ਚ ਨਹੀਂ ਪੈਂਦਾ!)। ਲ਼ੇਕਿਨ ਹੁਕਮ ਨੂੰ ਬੁੱਝਣਾ ਜਾਂ ਕਥਨ ਕਰਨਾ ਮੁਸ਼ਕਿਲ ਹੈ।

**"ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥"** (ਅੰਕ 1)

ਅਕਾਲ ਪੁਰਖ ਦੇ ਹੁਕਮ ਅਨੁਸਾਰ ਸਾਰੇ ਆਕਾਰ ਬਣਦੇ ਹਨ, ਪਰ ਇਹ ਹੁਕਮ ਦੱਸਿਆ ਨਹੀਂ ਜਾ ਸਕਦਾ ਕਿ ਕਿਹੋ ਜਿਹਾ ਹੈ।

## ਪਰਮਾਤਮਾ ਦੀ ਬੋਲੀ ਕੀ ਹੈ?

**"ਸਾਚਾ ਸਾਹਿਬ ਸਾਚੁ ਨਾਇ ਭਾਖਿਆ ਭਾਉ ਅਪਾਰੁ॥"** (ਅੰਕ 2)

ਅਕਾਲ ਪੁਰਖ ਸਦਾ-ਥਿਰ ਰਹਿਣ ਵਾਲ਼ਾ ਹੈ, ਉਸ ਦਾ ਨਾਮ ਭੀ ਸਦਾ ਅਟੱਲ ਹੈ। ਉਸ ਦੀ ਬੋਲੀ ਪ੍ਰੇਮ ਹੈ ਅਤੇ ਉਹ ਆਪ ਅਕਾਲ ਪੁਰਖ ਬੇਅੰਤ ਹੈ।

**ਨੋਟ**:- ਉਸ ਦੀ ਬੋਲੀ ਪ੍ਰੇਮ ਹੈ। ਪ੍ਰੇਮ ਹੀ ਵਸੀਲਾ ਹੈ, ਜਿਸ ਦੀ ਰਾਹੀਂ ਉਹ ਸਾਡੇ ਨਾਲ ਗੱਲਾਂ ਕਰਦਾ ਹੈ ਤੇ ਅਸੀਂ ਉਸ ਨਾਲ਼ ਗੱਲਾਂ ਕਰ ਸਕਦੇ ਹਾਂ।

## ਅਸੀ ਕਿਹੜੀ ਭੇਟਾ ਅਕਾਲ ਪੁਰਖ ਦੇ ਅੱਗੇ ਰੱਖੀਏ, ਜਿਸ ਦੇ ਸਦਕੇ ਸਾਨੂੰ ਉਸ ਦਾ ਦਰਬਾਰ ਦਿੱਸ ਪਏ? ਅਸੀ ਮੂੰਹੋਂ ਕਿਹੜਾ ਬਚਨ ਬੋਲੀਏ (ਭਾਵ, ਕਿਹੋ ਜਿਹੀ ਅਰਦਾਸ ਕਰੀਏ) ਜਿਸ ਨੂੰ ਸੁਣ ਕੇ ਉਹ ਹਰੀ (ਸਾਨੂੰ) ਪਿਆਰ ਕਰੇ?

**"ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥ ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥"** (ਅੰਕ 2)

ਉੱਤਰ: **"ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥"** (ਅੰਕ 2)

ਪੂਰਨ ਖਿੜਾਉ ਦਾ ਸਮਾਂ ਹੋਵੇ (ਭਾਵ, ਪ੍ਰਭਾਤ ਵੇਲਾ ਹੋਵੇ), ਨਾਮ (ਸਿਮਰੀਏ) ਤੇ ਉਸ ਦੀਆਂ ਵਡਿਆਈਆਂ ਦੀ ਵਿਚਾਰ ਕਰੀਏ।

## ਦੁਖੁ (ਜਨਮ ਮਰਨ ਦਾ) ਕਿੱਦਾਂ ਦੂਰ ਕਰੀਏ ਤੇ ਸੁਖੁ (ਜਨਮ ਮਰਨ ਤੋਂ ਛੁਟਕਾਰਾ/ਪ੍ਰਭੂ ਚਰਨਾਂ 'ਚ ਨਿਵਾਸ) ਕਿੱਦਾਂ ਪਰਾਪਤ ਕਰੀਏ?

**"ਗਾਵੀਐ ਸੁਣੀਐ ਮਨਿ ਰਖੀਐ ਭਾਉ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥"** (ਅੰਕ 2)

ਜੇ ਅਕਾਲ ਪੁਰਖ ਦੇ ਗੁਣ ਗਾਵੀਏ ਤੇ ਸੁਣੀਏ ਅਤੇ ਆਪਣੇ ਮਨ ਵਿਚ ਉਸਦਾ ਪ੍ਰੇਮ ਟਿਕਾਈਏ ਤਾਂ ਅਸੀਂ ਆਪਣਾ ਦੁੱਖ ਦੂਰ ਕਰਕੇ ਸੁੱਖ (ਦੇ ਸੋਮੇ ਪ੍ਰਭੂ) ਨੂੰ ਹਿਰਦੇ ਵਿਚ ਵਸਾ ਲਵਾਂਗੇ।

(ਹਉਮੈ) ਮਾਰ ਕੇ ਪਰਮੇਸ਼ਰ ਦੇ ਮਿਲਾਪ ਨਾਲ਼ (ਜਨਮ ਮਰਨ ਦਾ) ਦੁਖ ਨਹੀਂ ਹੁੰਦਾ:

**"ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ॥"** (ਅੰਕ 21)

**"ਆਪੁ ਗਇਆ ਸੁਖੁ ਪਾਇਆ ਮਿਲਿ ਸਲਲੈ ਸਲਲ ਸਮਾਇ॥"** (ਅੰਕ 22)

ਪ੍ਰਭੂ ਦੇ ਮਨ 'ਚ ਵਸਣ ਨਾਲ ਸਦੀਵੀ ਸੁਖ ਹੋਏਗਾ!

**"ਜਿਸ ਕੇ ਜੀਅ ਪਰਾਣ ਹੈ ਮਨਿ ਵਸਿਐ ਸੁਖੁ ਹੋਇ॥"** (ਅੰਗ 18)

## ਦੁਖਾਂ ਤੇ ਪਾਪਾਂ ਦਾ ਨਾਸ ਕਿੱਦਾਂ ਹੁੰਦਾ ਹੈ?

ਨਾਮ ਸੁਣਨ ਨਾਲ਼ ਦੁਖਾਂ ਤੇ ਪਾਪਾਂ ਦਾ ਨਾਸ ਹੁੰਦਾ ਹੈ ਤੇ ਨਾਮ ਸੁਣਨ ਨਾਲ਼ ਭਗਤਾਂ ਦੇ ਮਨ 'ਚ ਖੇੜਾ ਪੈਦਾ ਹੁੰਦਾ ਹੈ!

**"ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥"** (ਅੰਕ 2)

**"ਸਾਚੇ ਨਾਮ ਕੀ ਲਾਗੈ ਭੂਖ॥ ਉਤੁ ਭੂਖੈ ਖਾਇ ਚਲੀਅਹਿ ਦੂਖ॥"** (ਅੰਕ 9)

ਜਿਸ ਜੀਵ ਦੇ ਅੰਦਰ ਸਦਾ-ਥਿਰ ਪ੍ਰਭੂ ਦਾ ਨਾਮ ਸਿਮਰਨ ਦੀ ਤਾਂਘ ਪੈਦਾ ਹੋ ਜਾਂਦੀ ਹੈ, ਉਸ ਤਾਂਘ ਦੀ ਬਰਕਤਿ ਨਾਲ਼ (ਹਰਿ-ਨਾਮ-ਭੋਜਨ) ਖਾ ਕੇ ਉਸ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ:

**"ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ॥"** (ਅੰਕ 10)

ਹੇ ਸੰਤ ਜਨੋ ! ਉਸ ਪਰਮਾਤਮਾ ਦਾ ਧਿਆਨ ਧਰਿਆ ਕਰੋ, ਉਹ ਸਾਰੇ ਦੁੱਖਾਂ ਦਾ ਨਾਸ ਕਰਨ ਵਾਲ਼ਾ ਹੈ।

****************************************

## ਸ਼ਹੀਦੀ ਪੁਰਬ ਗੁਰੂ ਅਰਜਨ ਦੇਵ ਸਾਹਿਬ ਤੇ ਵਿਸ਼ੇਸ਼ ਗੀਤ- ਅਰਸ਼ੀ ਨੂਰ

ਗੁਰਦੀਸ਼ ਕੌਰ ਗਰੇਵਾਲ (ਕੈਲਗਰੀ)

ਤੱਤੀ ਤਵੀ ਉੱਤੇ ਬੈਠਾ, ਅਰਸ਼ਾਂ ਦਾ ਨੂਰ ਏ।
ਹੱਥ ਵਿੱਚ ਮਾਲਾ ਚਿਹਰੇ, ਵੱਖਰਾ ਸਰੂਰ ਏ।

ਸ਼ਾਂਤੀ ਦਾ ਪੁੰਜ ਇਹ, ਫਕੀਰ ਕੋਈ ਜਾਪਦਾ।
ਸੁਖਮਨੀ ਪਾਠ ਏਹਦੇ, ਹੋਠਾਂ ਤੇ ਅਲਾਪਦਾ।
ਏਹਦੇ ਕੋਲੋਂ ਹੋਇਆ ਦੱਸੋ, ਕਿਹੜਾ ਜੁ ਕਸੂਰ ਏ?
ਤੱਤੀ ......

"ਦਿੱਲੀ ਤੇ ਲਹੌਰ ਦੀ ਮੈਂ, ਇੱਟ ਖੜਕਾ ਦਿਆਂ"
"ਕਹੋ ਤਾਂ, ਮੈਂ ਜ਼ਾਲਿਮ ਨੂੰ, ਸਬਕ ਸਿਖਾ ਦਿਆਂ"
ਮੀਆਂ ਮੀਰ ਗੁੱਸੇ ਵਿੱਚ, ਹੋਇਆ ਮਜਬੂਰ ਏ।
ਤੱਤੀ........

ਸਬਰ ਨੇ ਜਬਰ ਤੋਂ, ਮੰਨਣੀ ਨਾ ਹਾਰ ਏ।
ਦੇਗ ਵੀ ਉਬਾਲਣੇ ਲਈ, ਹੋ ਰਹੀ ਤਿਆਰ ਏ।
ਰਜ਼ਾ ਵਿੱਚ ਰਹਿਣਾ, ਇਹਦਾ ਇਹੋ ਦਸਤੂਰ ਹੈ।
ਤੱਤੀ.....

ਨਾਮ ਦਾ ਜਹਾਜ਼ ਇਸ, ਰਚਿਆ ਕਮਾਲ ਏ।
ਦੁਨੀਆਂ ਦੇ ਵਿੱਚ ਐਸੀ, ਕੋਈ ਨਾ ਮਿਸਾਲ ਏ।
ਚੰਦੂ ਕਿਹੜੇ ਨਸ਼ੇ ਵਿੱਚ, ਹੋਇਆ ਫਿਰੇ ਚੂਰ ਏ?
ਤੱਤੀ ......

ਛਾਲੇ ਛਾਲੇ ਹੋਇਆ ਭਾਵੇਂ, ਸਾਰਾ ਈ ਸਰੀਰ ਏ।
ਚਿਹਰੇ ਉੱਤੇ ਰੰਜ ਦੀ ਨਾ, ਰਤਾ ਵੀ ਲਕੀਰ ਏ।
ਨਾਮ ਖੁਮਾਰੀ ਨਾਲ, ਮਨ ਭਰਪੂਰ ਏ।
ਤੱਤੀ.......

ਜ਼ੁਲਮ ਮਿਟਾਉਣ ਵਾਲਾ, ਰਾਜ ਹੁਣ ਆਏਗਾ।
ਧਰਮ ਦੇ ਨਾਲ, ਰਾਜਨੀਤੀ ਵੀ ਚਲਾਏਗਾ।
ਜ਼ਾਲਿਮ ਨੂੰ 'ਦੀਸ਼' ਸਜ਼ਾ, ਮਿਲਣੀ ਜਰੂਰ ਏ।
ਤੱਤੀ.......



****************************************

## Why There is no woman Guru: Part 1

Dr. Kala Singh (kala.singh18@gmail.com

Questions asked by many youngsters. Though Guru Nanak Ji conferred equality to women why God is considered Male and humanity as Female, and why there is no female Guru. I'll try to answer it from Gurmat perspective.

**ਮ ੩॥ ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ॥ (ਪੰਨਾ 592)**

In this world, there is only one Husband God; all other beings are His soul-brides.

**ਜੇ ਲੋੜਹਿ ਵਰੁ ਬਾਲੜੀਏ ਤਾ ਗੁਰ ਚਰਣੀ ਚਿਤੁਲਾਏ ਰਾਮ॥ ਸਦਾ ਹੋਵਹਿ ਸੋਹਾਗਣੀ ਹਰਿ ਜੀਉ ਮਰੈ ਨ ਜਾਏ ਰਾਮ॥ (ਪੰਨਾ 771)**

If you long for your Husband God, O young and innocent soul-bride, then focus your consciousness on the Guru's feet (Guru's teachings). You shall be a happy soul- bride of your Dear God forever because He does not die or leave.

Lavan are four stages of soul-bride (*Mann*) merging with her Husband-God (Virtues). The task of acquiring Godly Virtues has been completed and the mind (*Mann*) has attained blissful state. Nanak proclaims that in the fourth stage the soul-bride has found the Eternal God.

**First let's understand who is God in Gurmat**

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥ (ਪੰਨਾ 982)**

The Word *Bani* is Guru, and Guru is the *Bani*. Within the *Bani*, the Ambrosial Nectar (Virtues) is contained. If God's humble servant believes, and acts according to the teachings of the Guru's *Bani*, then Guru emancipates him.

**ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥ (ਪੰਨਾ 515)**

Waho! The Word (*Bani*) is the Formless God. There is no other as great as God.

**ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥ (ਪੰਨਾ 646)**

There is One Bani which is authentic and genuine, One Guru; so contemplate on only one *Shabd* of the Guru.

**ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥ (ਪੰਨਾ 293)**

The way antimony beautifies eye and improves vision, Guru has given the antimony to my mind (*Mann*) of spiritual knowledge and wisdom, which dispelled the darkness of ignorance.

**ਬ੍ਰਹਮ ਗਿਆਨੀ ਕਾ ਭੋਜਨੁ ਗਿਆਨ॥ (ਪੰਨਾ 273)**

Spiritual knowledge and wisdom is the food of the God-conscious being.

**ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥ (ਪੰਨਾ 273)**

O Nanak! The God-conscious being is Itself the Supreme God.

**ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥ ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ॥** (ਪੰਨਾ 283)

God has no form, no shape, no color; God is beyond the three qualities of *Maya*. Nanak says they alone understand God who gets wisdom from *Bani* (Guru).

That means Spiritual knowledge and wisdom is the Husband God and Human being is the Soul bride yearning to meet and get it. Food of Brahem Giyani is spiritual knowledge (Giyan), so our food should also be spiritual knowledge and wisdom. We should get knowledge and wisdom from plants and animals (Nature) as well.

**ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ॥ ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕ ਚਿਤਿ॥ (ਪੰਨਾ 1428)**

As a dog is always faithful and obedient, never abandons the home of his master, O Nanak, in just the same way, always remember Godly Virtues with conscious mind without any duality.

**ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ॥ ਉਹੁ ਸਾਕਤੁ ਬਪੁਰਾ ਮਰਿ ਗਇਆ ਕੋਇ ਨ ਲੈਹੈ ਨਾਉ॥ (ਪੰਨਾ 1372)**

Kabir, even a pig is better than the faithless cynic; at least the pig keeps the village clean by eating all the filth in the village. When the wretched, faithless cynic dies, no one even mentions his name because he was the cause of so many miseries to the villagers. Bhagat Kabir is comparing the pig with a faithless cynic and says pig is much better because pig has been doing a service while faithless cynic had been the cause of so many miseries to the villagers.

**ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ॥ ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ॥ (ਪੰਨਾ 489)**

Even animals have value, as they eat grass and give milk. Without the Virtues of the God (*Naam*), the life of faithless cynic is useless and cursed because of his actions. They are worst than animals who eats whatever we give them and in turn helps to feed our families.

**Abode of God**

**ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥ (1427)**

The Guru proclaims that the God abides in each and every molecule of the cosmos.

**ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥ ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ॥ (ਪੰਨਾ 1381)**

Farid says Creator is in the creation, and creation is in the Creator. Whom can we call bad as there is none without God. Creator God is the Virtues in Guru's spiritual teachings (*Bani*), and abides in everyone.

**In following shabds God is male as well as female.**

**ਆਪੇ ਪੁਰਖੁ ਆਪੇ ਹੀ ਨਾਰੀ॥ (ਪੰਨਾ 1020)**

You Yourself is male and You Yourself is female.

**ਸੁੰਨ ਮੰਡਲ ਇਕੁ ਜੋਗੀ ਬੈਸੇ॥ ਨਾਰਿ ਨ ਪੁਰਖੁ ਕਹਹੁ ਕੋਊ ਕੈਸੇ॥ ( 685)**

The Yogi God is abiding in a state of primal void. It is neither Male,

nor Female. How can I describe It. God is not only Husband but also called Sultan, Gardner, Farmer, father, Mother, father, Brother and Friend as well.

**ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ॥ (ਪੰਨਾ 1101)**

The Dear God is my mother, the Dear God is my father; the Dear God cherishes and nurtures me.

**ਤੁਮਹਿ ਪਿਤਾ ਤੁਮ ਹੀ ਫੁਨਿ ਮਾਤਾ ਤੁਮਹਿ ਮੀਤ ਹਿਤ ਭ੍ਰਾਤਾ॥ (ਪੰਨਾ 1215)**

You are my Father, and You are my Mother; You are my Loving Friend and Sibling.

**ਰਾਜਨ ਮਹਿ ਤੂੰ ਰਾਜਾ ਕਹੀਅਹਿ ਭੂਮਨ ਮਹਿ ਭੂਮਾ॥ ਠਾਕੁਰ ਮਹਿ ਠਕੁਰਾਈ ਤੇਰੀ ਕੋਮਨ ਸਿਰਿ ਕੋਮਾ॥ ਪਿਤਾ ਮੇਰੋ ਬਡੋ ਧਨੀ ਅਗਮਾ॥ ਉਸਤਤਿ ਕਵਨ ਕਰੀਜੈ ਕਰਤੇ ਪੇਖਿ ਰਹੇ ਬਿਸਮਾ॥** (ਪੰਨਾ 507)

O Creator! Among the kings of the world, You are called the greatest king, among the lords of the earth, You are the greatest lord of the earth. O Creator! Among the chieftains of the world, You are the greatest chieftan of the earth, among the high tribes, Yours is the supreme tribe on the earth. O Creator! You are my Father, You are beyond the reach of our wisdom. O Creator! How can we praise You? Beholding You, I am wonder-struck.

As we are dependent upon King, Lord, Chief, Father, Mother and they looks after us, the Creator God is also called King, Lord, Chief, Father, Mother because It looks after us.

## Purakh (purK) in Gurbani is used for Creator God, Not Male.

**ਕਰਤਾ ਪੁਰਖ**

Perfect Creator is pervasive and diffused in Its entire creation.

**ਵਿਚਿ ਕਰਤਾ ਪੁਰਖੁ ਖਲੋਆ॥ ਵਾਲੁ ਨ ਵਿੰਗਾ ਹੋਆ॥ (ਪੰਨਾ 623)**

If the Virtues of the Creator which are pervasive and diffused in the entire creation also manifest in my mind (*Mann*), then Maya cannot harm me even a little bit.

**ਜਿ ਪੁਰਖੁ ਨਦਰਿ ਨ ਆਵਈ ਤਿਸ ਕਾ ਕਿਆ ਕਰਿ ਕਹਿਆ ਜਾਇ॥ ਬਲਿਹਾਰੀ ਗੁਰ ਆਪਣੇ ਜਿਨਿ ਹਿਰਦੈ ਦਿਤਾ ਦਿਖਾਇ ॥ (ਪੰਨਾ 937)**

What can anyone say about that Creator God (**purK**) who cannot be seen? I am a sacrifice to my Guru, who has revealed It to me, within my own heart.

**ਵਰੁ ਪਾਇਆ ਪੁਰਖੁ ਅਗੰਮੁ ਅਗੋਚਰੁ ਸਦ ਨਵਤਨੁ ਬਾਲ ਸਖਾਈ॥ ਨਾਨਕ ਕਿਰਪਾ ਕਰਿ ਕੈ ਮੇਲੇ ਵਿਛੁੜਿ ਕਦੇ ਨ ਜਾਈ॥ (ਪੰਨਾ 773)**

O Nanak! The living being meets the Supreme God, who is inaccessible by ordinary effort, who cannot be reached by the senses of knowledge, who is always filled with new love, who has been a friend since childhood. The soul-bride whom that God, by Its Grace, unites with Itself, is never separated from It again.

Sultan, King is masculine gender. As tree is masculine gender and vine is feminine gender, in the same way knowledge (Giyan) is masculine. That’s why Guru used Purakh as masculine and human being

as feminine. *Karta* is masculine, so *Purakh* is masculine.

**Guru Nanak even used word Slave Girl (ਗੋਲੀਆਂ, ਦਾਸੀਆਂ).**

**ਨਾਨਕੁ ਕਹੈ ਸਹੇਲੀਹੋ ਸਹੁ ਖਰਾ ਪਿਆਰਾ॥ ਹਮ ਸਹ ਕੇਰੀਆ ਦਾਸੀਆ ਸਾਚਾ ਖਸਮੁ ਹਮਾਰਾ॥ (ਪੰਨਾ 729)**

Says Nanak, O soul-brides, our Husband God is so dear! We are the servants, the hand-maidens of our True Lord and Master.

**Guru Nanak even used word Slave (ਗੋਲਾ)**

**ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥ (ਪੰਨਾ 991)**

I am called fortunate because I am Your slave, bonded servant.

**ਤੂੰ ਸਾਚਾ ਸਾਹਿਬੁ ਦਾਸੁ ਤੇਰਾ ਗੋਲਾ॥ (ਪੰਨਾ 132)**

You are my True Lord and Master. I am Your servant and slave.

**(Kindly read Part 2 in next issue)**

**********************************

# ਸ੍ਰੀ ਗੁਰੂ ਅਮਰਦਾਸ ਜੀ: ਸੇਵਾ ਦੀ ਮਹਕ ਅਤੇ ਨਿਮਰਤਾ ਦੀ ਜੋਤ

ਸ਼੍ਰੀਮਤੀ ਬਰਜਿੰਦਰ ਕੌਰ (ਜੈਪੁਰ, ਭਾਰਤ)

ਗੁਰੂ ਜੀ ਦੀ ਮਹਾਨਤਾ ਨੂੰ ਇਕ ਕਵੀ ਨੇ ਆਪਣੇ ਅਨਮੋਲ ਸ਼ਬਦਾਂ ਨਾਲ ਇਸ ਪ੍ਰਕਾਰ ਸਜਾਇਆ ਹੈ:

**ਗਾਗਰ ਸਿਰ ਤੇ ਰੱਖਣ ਵਾਲਾ,**
**ਗੁਰੂ ਲਈ ਪਾਣੀ ਲਿਆਉਣ ਵਾਲਾ,**
**ਦਾਸ ਗੁਰੂ ਦਾ ਅਮਰ ਇਲਾਹੀ,**
**ਸਿੱਖ ਪੰਥ ਦੀ ਤੀਜੀ ਪਾਤਿਸ਼ਾਹੀ।**
**ਬੇਓਟਾਂ ਦੀ ਓਟ ਪਿਆਰਾ,**
**ਝਿਲਮਿਲ ਕਰਦਾ ਅਰਸ਼ੀ ਤਾਰਾ।**
**ਬੇਅਦਬਾਂ ਨੂੰ ਅਦਬ ਸਿਖਾ ਕੇ,**
**ਰਾਹ ਸੇਵਾ ਦਾ ਤੇ ਸਬਰ ਦਿਖਾ ਕੇ,**
**ਡੁੱਬੇ ਬੇੜੇ ਪਾਰ ਲਗਾ ਕੇ,**
**ਸਿੱਖੀ ਪੰਥ ਚਲਾਉਣ ਆਇਆ,**
**ਨੂਰੀ ਬੂਟੇ ਲਾਉਣ ਆਇਆ।**

ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ ਸੰਨ 1479 ਵਿੱਚ ਪਿੰਡ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਆਪ ਜੀ ਦੇ ਪਿਤਾ ਜੀ ਦਾ ਨਾਮ ਤੇਜਭਾਨ ਜੀ ਅਤੇ ਮਾਤਾ ਜੀ ਦਾ ਨਾਮ ਲਛਮੀ ਜੀ ਸੀ। ਆਪ ਜੀ ਦਾ ਵਿਆਹ ਮਾਤਾ ਮਨਸਾ ਦੇਵੀ ਜੀ ਨਾਲ ਹੋਇਆ। ਮੋਹਨ ਜੀ ਅਤੇ ਮੋਹਰੀ ਜੀ ਆਪ ਜੀ ਦੇ ਦੋ ਸਪੁੱਤਰ ਸਨ ਅਤੇ ਬੀਬੀ ਦਾਨੀ ਜੀ ਅਤੇ ਬੀਬੀ ਭਾਨੀ ਜੀ ਆਪ ਜੀ ਦੀਆਂ ਦੋ ਧੀਆਂ ਸਨ।

ਆਪ ਜੀ ਹਰ ਸਾਲ ਹਰਿਦੁਆਰ ਦੀ ਯਾਤਰਾ ਤੇ ਜਾਂਦੇ ਅਤੇ ਸਦਾ ਹੀ ਸੱਚੇ ਗੁਰੂ ਦੀ ਖੋਜ ਵਿੱਚ ਰਹਿੰਦੇ ਸਨ। ਇਕ ਵਾਰ ਗੰਗਾ ਯਾਤਰਾ ਤੋਂ ਵਾਪਸੀ ਉਪਰੰਤ ਆਪ ਜੀ ਦੀ ਮੁਲਾਕਾਤ ਇਕ ਸਾਧੂ ਨਾਲ ਹੋਈ। ਗੁਰੂ ਅਮਰਦਾਸ ਜੀ ਨੇ ਉਸ ਸਾਧੂ ਨੂੰ ਭੋਜਨ ਕਰਵਾਇਆ। ਸਾਧੂ ਨੇ ਪੁੱਛਿਆ, "ਤੁਹਾਡਾ ਗੁਰੂ ਕੌਣ ਹੈ? ਸੱਚੇ ਗੁਰੂ ਤੋਂ ਬਿਨਾਂ ਮੁਕਤੀ ਨਹੀਂ ਮਿਲਦੀ।" ਇਹ ਪ੍ਰਸ਼ਨ ਗੁਰੂ ਜੀ ਦੇ ਮਨ ਨੂੰ ਝੰਝੋੜ ਗਏ।

ਇਸ ਤੋਂ ਬਾਅਦ ਇਕ ਦਿਨ ਗੁਰੂ ਜੀ ਨੇ ਬੀਬੀ ਅਮਰੋ ਜੀ ਦੀ ਮਧੁਰ ਆਵਾਜ਼ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਸੁਣੀ ਅਤੇ ਬਹੁਤ ਪ੍ਰਭਾਵਿਤ ਹੋਏ। ਬੀਬੀ ਅਮਰੋ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਪੁਤਰੀ ਸਨ। ਪੁਛਣ ਤੇ ਬੀਬੀ ਅਮਰੋ ਜੀ ਨੇ ਦੱਸਿਆ ਕਿ ਇਹ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ ਅਤੇ ਇਸ ਸਮੇਂ ਦੂਜੇ ਨਾਨਕ ਸ੍ਰੀ ਗੁਰੂ ਅੰਗਦ ਦੇਵ ਜੀ ਗੁਰਗੱਦੀ ਤੇ ਬਿਰਾਜਮਾਨ ਹਨ।

ਗੁਰੂ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਨ ਦੀ ਇੱਛਾ ਜਤਾਈ ਅਤੇ ਖਡੂਰ ਸਾਹਿਬ ਪਹੁੰਚੇ। ਦਰਸ਼ਨ ਕਰਦੇ ਹੀ ਗੁਰੂ ਜੀ ਨੂੰ ਉਸ ਅਲੌਕਿਕ ਪ੍ਰਕਾਸ਼ ਦਾ ਅਹਿਸਾਸ ਹੋਇਆ ਜਿਸ ਦੀ ਉਹ ਲੰਮੇ ਸਮੇਂ ਤੋਂ ਖੋਜ ਕਰ ਰਹੇ ਸਨ। ਗੁਰੂ ਜੀ ਨੇ ਨਿਮਰਤਾ ਨਾਲ ਬੇਨਤੀ ਕੀਤੀ ਕਿ ਉਹਨਾਂ ਨੂੰ ਗੁਰਬਾਣੀ ਦਾ ਅਮ੍ਰਿਤ ਪ੍ਰਾਪਤ ਕਰਵਾ ਕੇ ਆਪਣਾ ਸੇਵਕ ਬਣਾਇਆ ਜਾਵੇ।

**"ਦਰਸ ਤੇਰੇ ਕੀ ਪਿਆਸ ਮਨ ਲਾਗੀ, ਸਹਜ ਅਨੰਦ ਬਸੇ ਬੈਰਾਗੀ।"**

ਇਸ ਤੋਂ ਬਾਅਦ ਗੁਰੂ ਅਮਰਦਾਸ ਜੀ ਨੇ ਆਪਣਾ ਜੀਵਨ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿੱਚ ਬਿਤਾਇਆ। ਵਧੀਕ ਉਮਰ ਹੋਣ ਦੇ ਬਾਵਜੂਦ, ਉਹ ਹਰ ਸਵੇਰ ਪਾਣੀ ਦੀ ਗਾਗਰ ਸਿਰ ਤੇ ਰੱਖ ਕੇ ਗੁਰੂ ਜੀ ਲਈ ਲਿਆਉਂਦੇ, ਇਸ਼ਨਾਨ ਕਰਵਾਉਂਦੇ ਅਤੇ ਲੰਗਰ ਦੀ ਸੇਵਾ ਕਰਦੇ।

ਅਨੇਕਾਂ ਤਰ੍ਹਾਂ ਦੇ ਮੌਸਮ—ਆਂਧੀ, ਤੂਫ਼ਾਨ, ਬਾਰਿਸ਼—ਸਹਿੰਦੇ ਹੋਏ ਵੀ ਗੁਰੂ ਜੀ ਸੇਵਾ ਵਿੱਚ ਲੀਨ ਰਹਿੰਦੇ। ਇਕ ਦਿਨ ਪਾਣੀ ਲਿਆਉਂਦੇ ਹੋਏ ਠੋਕਰ ਖਾ ਕੇ ਡਿੱਗ ਪਏ, ਪਰ

ਗਾਗਰ ਨੂੰ ਸੰਭਾਲੀ ਰੱਖਿਆ। ਕੁਝ ਲੋਕਾਂ ਨੇ ਅਪਸ਼ਬਦ ਵੀ ਕਹੇ, ਪਰ ਗੁਰੂ ਜੀ ਨੇ ਨਿਮਰਤਾ ਨਹੀਂ ਛੱਡੀ। ਅਗਲੇ ਦਿਨ ਗੁਰੂ ਅੰਗਦ ਦੇਵ ਜੀ ਨੇ ਇਹ ਸੁਣ ਕੇ ਫਰਮਾਇਆ ਕਿ ਹੁਣ ਉਹਨਾਂ ਦੀ ਸੇਵਾ ਅਤੇ ਭਗਤੀ ਪ੍ਰਵਾਨ ਹੋ ਗਈ ਹੈ।

ਸ੍ਰੀ ਗੁਰੂ ਅੰਗਦ ਦੇਵ ਜੀ ਗੁਰੂ ਅਮਰਦਾਸ ਜੀ ਦੀ ਸੇਵਾ, ਸ਼ਰਧਾ ਅਤੇ ਨਿਮਰਤਾ ਤੋਂ ਪ੍ਰਭਾਵਿਤ ਹੋ ਕੇ ਸੰਨ 1552 ਵਿੱਚ ਉਹਨਾਂ ਨੂੰ ਗੁਰਗੱਦੀ ਸੌਂਪ ਦਿੱਤੀ।

ਇਸ ਦ੍ਰਿਸ਼ ਨੂੰ ਕਵੀ ਨੇ ਇਸ ਤਰ੍ਹਾਂ ਵਰਣਨ ਕੀਤਾ ਹੈ:

**ਅਮਰਦਾਸ ਜੀ ਦੇ ਜਾਗੇ ਭਾਗ ਦੇਖੋ,**
**ਸੱਚੇ ਪਾਤਸ਼ਾਹ ਨੇ ਕੋਲ ਸੱਦ ਲਿਆ।**
**ਗੱਦੀ ਆਪਣੀ ਉੱਤੇ ਬਿਠਾ ਦਿੱਤਾ।**

**ਮੱਥਾ ਟੇਕ ਕੇ ਆਖਦੇ ਗੁਰੂ ਅੰਗਦ ਜੀ,**
**ਅਮਰਦਾਸ ਹੈ ਮਾਨ ਨਿਮਾਣਿਆਂ ਦਾ,**
**ਏਹੋ ਹੀ ਇਕ ਓਟ ਹੈ ਨਿਊਟਿਆਂ ਦੀ,**
**ਸੱਚਾ ਤਾਣ ਹੈ ਏਹੋ ਨਿਤਾਣਿਆਂ ਦਾ।**

ਤੀਸਰੇ ਨਾਨਕ ਸ੍ਰੀ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਦਾ ਵਿਕਾਸ ਕੀਤਾ ਅਤੇ 84 ਪੌੜੀਆਂ ਵਾਲੀ ਬਾਉਲੀ ਬਣਵਾਈ। ਸ਼ਰਧਾਲੂ ਇਨ੍ਹਾਂ ਪੌੜੀਆਂ ਉੱਤੇ ਬੈਠ ਕੇ ਜਪੁਜੀ ਸਾਹਿਬ ਦਾ ਪਾਠ ਕਰਦੇ ਅਤੇ ਬਾਉਲੀ ਵਿੱਚ ਇਸ਼ਨਾਨ ਕਰਦੇ।

ਗੁਰੂ ਜੀ ਨੇ "ਪਹਿਲੇ ਪੰਗਤ, ਫਿਰ ਸੰਗਤ" ਦਾ ਮਹਾਨ ਸਿਧਾਂਤ ਪ੍ਰਚਲਿਤ ਕੀਤਾ। ਇਸ ਅਨੁਸਾਰ ਹਰ ਕਿਸੇ ਨੂੰ ਜਾਤ-ਪਾਤ ਦਾ ਭੇਦ ਭੁਲਾ ਕੇ ਇਕੱਠੇ ਬੈਠ ਕੇ ਲੰਗਰ ਛਕਣਾ ਲਾਜ਼ਮੀ ਸੀ। ਬਾਦਸ਼ਾਹ ਅਕਬਰ ਨੇ ਵੀ ਗੁਰੂ ਜੀ ਦੇ ਦਰਸ਼ਨ ਕਰਨ ਤੋਂ ਪਹਿਲਾਂ ਪੰਗਤ ਵਿੱਚ ਬੈਠ ਕੇ ਲੰਗਰ ਛਕਿਆ।

ਗੁਰੂ ਜੀ ਨੇ ਸਮਾਜਿਕ ਸੁਧਾਰਾਂ ਲਈ ਸਤੀ ਪ੍ਰਥਾ ਅਤੇ ਪਰਦਾ ਪ੍ਰਥਾ ਦਾ ਵਿਰੋਧ ਕੀਤਾ। ਸਿੱਖੀ ਦੇ ਪ੍ਰਚਾਰ ਲਈ 22 ਮੰਜੀਆਂ ਦੀ ਸਥਾਪਨਾ ਕੀਤੀ ਅਤੇ ਇਸ ਵਿੱਚ ਔਰਤਾਂ ਨੂੰ ਵੀ ਮਹੱਤਵਪੂਰਨ ਭੂਮਿਕਾ ਦਿੱਤੀ।

ਗੁਰੂ ਜੀ ਨੇ ਗ੍ਰਿਹਸਥ ਜੀਵਨ ਵਿੱਚ ਰਹਿੰਦਿਆਂ ਗੁਰਬਾਣੀ ਨਾਲ ਜੁੜੇ ਰਹਿਣ ਦੀ ਸਿੱਖਿਆ ਦਿੱਤੀ। ਆਪ ਜੀ ਦੀ ਬਾਣੀ 17 ਰਾਗਾਂ ਵਿੱਚ ਹੈ ਅਤੇ ਲਗਭਗ 907 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। ਆਨੰਦ ਸਾਹਿਬ ਦੀ ਬਾਣੀ ਵੀ ਗੁਰੂ ਅਮਰਦਾਸ ਜੀ ਦੀ ਮਹਾਨ ਦੇਣ ਹੈ।

ਗੁਰੂ ਅਮਰਦਾਸ ਜੀ ਨੇ ਆਪਣੀ ਸੁਪੁਤਰੀ ਬੀਬੀ ਭਾਨੀ ਜੀ ਦੇ ਵਰ ਅਨੁਸਾਰ ਗੁਰਗੱਦੀ ਦੀ ਪਰੰਪਰਾ ਨੂੰ ਪਰਿਵਾਰ ਵਿੱਚ ਜਾਰੀ ਰੱਖਣ ਦੀ ਆਗਿਆ ਦਿੱਤੀ, ਪਰ ਨਾਲ ਹੀ ਰਹਿਤ ਮਰਿਆਦਾ ਦੀ ਪਾਲਣਾ ਉੱਤੇ ਜ਼ੋਰ ਦਿੱਤਾ।

ਸੰਨ 1574 ਵਿੱਚ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰੂ ਜੀ ਨੇ ਭਾਈ ਜੇਠਾ ਜੀ ਨੂੰ ਗੁਰਗੱਦੀ ਸੌਂਪੀ, ਜੋ ਬਾਅਦ ਵਿੱਚ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਮ ਨਾਲ ਪ੍ਰਸਿੱਧ ਹੋਏ।

**ਭਲੇ ਅਮਰਦਾਸ ਗੁਣ ਤੇਰੇ,**
**ਤੇਰੀ ਉਪਮਾ ਤੋਹੇ ਬਣ ਆਵੇ।**

******************************************

# ਵਾਰਾਂ ਭਾਈ ਗੁਰਦਾਸ ਜੀ: ਭਾਗ ਚੌਥਾ

ਜਸਵਿੰਦਰ ਸਿੰਘ ਰੁਪਾਲ

## ਮੂਲ ਪਾਠ (ਵਾਰ ੧, ਪਉੜੀ ੪)

**ਓਅੰਕਾਰੁ ਆਕਾਰੁ ਕਰ ਏਕ ਕਵਾਉ ਪਸਾਉ ਪਸਾਰਾ। ਪੰਜ ਤੱਤ ਪਰਵਾਣੁ ਕਰ ਘਟਿ ਘਟਿ ਅੰਦਰ ਤ੍ਰਿਭਵਣੁ ਸਾਰਾ। ਕਾਦਰੁ ਕਿਨੈ ਨ ਲਿਖਿਆ ਕੁਦਰਤ ਸਾਜਿ ਕੀਆ ਅਵਤਾਰਾ। ਇਕ ਦੂ ਕੁਦਰਤਿ ਲਖ ਕਰਿ ਲਖ ਬਿਅੰਤ ਅਸੰਖ ਅਪਾਰਾ। ਰੋਮਿ ਰੋਮਿ ਵਿਚਿ ਰਖਿਓਨਿ ਕਰਿ ਬ੍ਰਹਮੰਡਿ ਕਰੋੜ ਸੁਮਾਰਾ। ਇਕਸਿ ਇਕਸਿ ਬ੍ਰਹਮੰਡਿ ਵਿਚਿ ਦਸਿ ਦਸਿ ਕਰਿ ਅਵਤਾਰ ਉਤਾਰਾ। ਕੇਤੇ ਬੇਦ ਬਿਆਸ ਕਰਿ ਕਈ ਕਤੇਬ ਮੁਹੰਮਦ ਯਾਰਾ। ਕੁਦਰਤਿ ਇਕੁ ਏਤਾ ਪਾਸਾਰਾ।**

**ਸਰਲ ਅਰਥ:** ਪਰਮਾਤਮਾ ਨੇ ਧੁਨਿ ਰੂਪ ਇੱਕ ਹੁਕਮ ਤੋਂ ਆਕਾਰ ਬਣਾ ਕੇ ਸਾਰਾ ਪਸਾਰਾ ਪੈਦਾ ਕਰ ਦਿੱਤਾ ਹੈ। ਪੰਜ ਤੱਤਾਂ ਤੋਂ ਸਾਰਾ ਬ੍ਰਹਿਮੰਡ ਪੈਦਾ ਕਰਕੇ ਉਹ ਆਪ ਜੋ ਤਿੰਨੇ ਲੋਕਾਂ ਦਾ ਸਾਰ ਤੱਤ ਹੈ, ਘਟ ਘਟ ਅੰਦਰ ਵਿਚਰ ਰਿਹਾ ਹੈ। ਕੁਦਰਤ ਦੇ ਕਰਤੇ ਨੂੰ ਤਾਂ ਕਿਸੇ ਨੇ ਵੇਖਿਆ ਨਹੀਂ, ਉਸਨੇ ਪਹਿਲਾਂ ਮਾਯਾ ਪੈਦਾ ਕਰਕੇ ਅਵਤਾਰ ਪੈਦਾ ਕੀਤੇ। ਇਕ ਮਾਯਾ ਤੋਂ ਲੱਖਾਂ ਬ੍ਰਹਿਮੰਡ ਰਚਦਾ ਹੈ ਅਤੇ ਫੇਰ ਲੱਖਾਂ ਬਿਅੰਤ ਅਸੰਖ ਅਪਾਰ ਰਚਨਾ ਸਾਜਦਾ ਹੈ। ਆਪਣੇ ਇੱਕ ਇੱਕ ਰੋਮਿ ਵਿਚ ਉਸਨੇ ਕਰੋੜਾਂ ਬ੍ਰਹਿਮੰਡ ਰੱਖੇ ਹੋਏ ਹਨ। ਇੱਕ ਇੱਕ ਬ੍ਰਹਿਮੰਡ ਵਿਚ ਦਸ ਦਸ ਅਵਤਾਰ ਪੈਦਾ ਕੀਤੇ ਹੋਏ ਹਨ। ਕਈ ਵੇਦਾਂ ਦੇ ਵਕਤਾ ਬਿਆਸ ਬਣਾ ਦਿੱਤੇ ਕਈ ਕਿਤਾਬਾਂ ਅਤੇ ਕਿੰਨੇ ਹੀ ਮੁਹੰਮਦ ਉਸਦੇ ਯਾਰ ਪੈਦਾ ਕਰ ਦਿੱਤੇ। ਪ੍ਰੰਤੂ ਕੁਦਰਤ ਇੱਕ ਹੀ ਹੈ।

**ਇਸਤੇ ਵੀਚਾਰ:** ਪਉੜੀ ਦੀ ਆਖਰੀ ਪੰਕਤੀ ਵਿੱਚ ਪਉੜੀ ਦਾ ਕੇਂਦਰੀ ਤੱਤ ਹੁੰਦਾ ਹੈ। (ਜਿਵੇਂ ਗੁਰਬਾਣੀ ਦੇ ਸ਼ਬਦਾਂ ਵਿੱਚ ਰਹਾਉ ਦੀ ਪੰਕਤੀ ਵਿੱਚ ਸ਼ਬਦ ਦਾ ਕੇਂਦਰੀ ਵਿਚਾਰ ਹੁੰਦਾ ਹੈ।) ਇੱਥੇ ਆਖਰੀ ਪੰਕਤੀ ਵਿੱਚ ਭਾਈ ਸਾਹਿਬ ਨੇ ਕਾਦਰ ਦੀ ਵਿਸ਼ਾਲ ਕੁਦਰਤ ਅਤੇ ਉਸਦਾ ਵਿਸ਼ਾਲ ਪਸਾਰੇ ਬਾਰੇ ਦੱਸਿਆ ਹੈ। ਬਾਕੀ ਸਾਰੀਆਂ ਪੰਕਤੀਆਂ ਉਸੇ ਦੀ ਵਿਆਖਿਆ ਹਨ। ਪਰਮਾਤਮਾ ਨੇ ਕਿਵੇਂ ਇੱਕ ਫੁਰਨੇ ਰਾਹੀਂ ਸ੍ਰਿਸ਼ਟੀ ਦੀ ਸਾਜਨਾ ਕੀਤੀ, ਕਿਵੇਂ ਪੰਜ ਤੱਤਾਂ ਰਾਹੀਂ ਕਿੰਨੇ ਹੀ ਬ੍ਰਹਿਮੰਡ ਸਾਜ ਕੇ ਆਪ ਵੀ ਵਿੱਚ ਉਹਨਾਂ ਵਿੱਚ ਹੀ ਸਮਾ ਗਿਆ। ਕਵੀਆਂ ਦੀ ਕਲਪਨਾ ਨਾਲ ਪਰਮਾਤਮਾ ਦਾ ਮਾਨਵੀਕਰਣ ਕਰਦੇ ਹੋਏ ਉਸਦੇ ਇੱਕ ਇੱਕ ਰੋਮ ਵਿੱਚ ਕਰੋੜਾਂ ਬ੍ਰਹਿਮੰਡ ਹੋਣ ਦਾ ਜਿਕਰ ਕਰਦੇ ਹਨ। ਅਸਲ ਵਿਚ ਇਹ ਕੁਦਰਤ ਦੇ ਵਿਸ਼ਾਲ ਪਸਾਰੇ ਨੂੰ ਪ੍ਰਗਟਾਉਣ ਦਾ ਅੰਦਾਜ਼ ਹੈ। ਜਿਸ ਤਰਾਂ ਉਸ ਸਮੇਂ ਅਵਤਾਰਾਂ ਵਿੱਚ ਇਹ ਵਿਸ਼ਵਾਸ ਸੀ, ਭਾਈ ਸਾਹਿਬ ਉਸੇ ਅੰਦਾਜ ਵਿੱਚ ਕਹਿੰਦੇ ਹਨ ਕਿ ਪ੍ਰਭੂ ਨੇ ਬੇਦਾਂ ਦੇ ਰਚੇਤਾ ਬਿਆਸ ਵੀ ਕੇਤੇ ਭਾਵ ਬਹੁਤ ਜਿਆਦਾ ਰਚੇ। ਕਿੰਨੇ ਹੀ ਬੇਦ,ਕਿੰਨੇ ਹੀ ਕਤੇਬ,ਕਿੰਨੇ ਹੀ ਬਿਆਸ, ਕਿੰਨੇ ਹੀ ਅਵਤਾਰ ਅਤੇ ਕਿੰਨੇ ਹੀ ਮੁਹੰਮਦ ਅਕਾਲ ਪੁਰਖ ਨੇ ਬਣਾਏ। ਹਿੰਦੂ ਅਤੇ ਮੁਸਲਮਾਨ ਦੋਵਾਂ ਦੇ ਪੈਗੰਬਰ ਗਿਣਾ ਦਿੱਤੇ, ਦੋਵਾਂ ਦੇ ਧਾਰਮਿਕ ਗ੍ਰੰਥ ਗਿਣਾ ਦਿੱਤੇ।

ਮੁਹੰਮਦ ਯਾਰਾ ਸ਼ਬਦ ਨੂੰ ਜ਼ਰਾ ਸਮਝ ਲਈਏ, ਬਹੁਤੀ ਵਿਆਖਿਆ ਦੀ ਲੋੜ ਨਹੀਂ ਹੈ। ਇਸਲਾਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਦੇ ਚਾਰ ਯਾਰ ਮੰਨੇ ਗਏ ਹਨ। ਇਹ ਹਨ:

1. **ਉਮਰਾ** 2. **ਅਬੂਬਕਰ** 3. **ਉਸਮਾਨ** 4. **ਅਲੀ।**

ਇਹਨਾਂ ਵਿਚੋਂ ਅਲੀ ਨੂੰ ਹਜ਼ਰਤ ਮੁਹੰਮਦ ਨੇ ਬੇਟੀ ਫਾਤਿਮਾ ਦਾ ਪਤੀ ਬਣਾ ਕੇ ਯਾਰ ਬਣਾਇਆ ਸੀ। ਇਸਲਾਮ ਵਿਚ ਇਹਨਾਂ ਨੂੰ ਖਲੀਫੇ ਕਿਹਾ ਜਾਂਦਾ ਹੈ। ਖਲੀਫਾ ਸ਼ਬਦ ਅਰਬੀ ਦੇ ਸ਼ਬਦ ਖਲਫ ਤੋਂ ਬਣਿਆ ਹੈ ਜਿਸਦਾ ਭਾਵ ਹੈ "ਪਿੱਛੇ ਛੱਡਣਾ"। ਅਰਥ ਇਹ ਹੈ ਜੋ ਵਿਅਕਤੀ ਦੀ ਗੈਰਹਾਜ਼ਰੀ ਵਿੱਚ ਉਸਦਾ ਕੰਮ ਸੰਭਾਲੇ।

ਮੁਹੰਮਦ ਸਾਹਿਬ ਦੀ ਮੌਤ ਤੋਂ ਬਾਅਦ ਧਰਮ ਪ੍ਰਚਾਰ ਅਤੇ ਅਗਵਾਈ ਇਹਨਾਂ ਖਲੀਫਿਆਂ ਨੇ ਸੰਭਾਲੀ ਸੀ। ਇਸ ਤਰਾਂ ਨਾਲ ਭਾਈ ਸਾਹਿਬ ਨੇ ਕਰਤਾ ਪੁਰਖ ਵੱਲੋਂ ਸਾਜੀ ਗਈ ਕੁਦਰਤ ਦੀ ਬੇਅੰਤਤਾ ਪ੍ਰਗਟਾਈ ਹੈ। ਅਵਤਾਰਾਂ ਅਤੇ ਮੁਹੰਮਦਾਂ ਨੂੰ ਕੇਤੇ ਕਹਿਣ ਦਾ ਭਾਵ ਹੈ ਕਿ ਉਹਨਾਂ ਨੂੰ ਹੀ ਨਾ ਤਾਂ ਅੰਤਿਮ ਮੰਨ ਲਿਆ ਜਾਵੇ, ਨਾ ਫਜ਼ੂਲ ਦਾ ਮਾਣ ਕੀਤਾ ਜਾਵੇ। ਉਹ ਵੀ ਪ੍ਰਭੂ ਦੀ ਵਿਸ਼ਾਲ ਸਿਰਜਣਾ ਦਾ ਇੱਕ ਛੋਟਾ ਜਿਹਾ ਹਿੱਸਾ ਹੀ ਹਨ।

**ਮੇਲ ਖਾਂਦੇ ਗੁਰਬਾਣੀ ਫੁਰਮਾਨ:** ਭਾਈ ਗੁਰਦਾਸ ਜੀ ਦੀ ਰਚਨਾ ਨੂੰ ਗੁਰਬਾਣੀ ਦੀ ਕੁੰਜੀ ਕਹੇ ਜਾਣ ਦਾ ਭਾਵ ਇਹ ਸੀ ਕਿ ਉਹਨਾਂ ਨੇ ਗੁਰਬਾਣੀ ਵਿੱਚ ਦੱਸੇ ਗਏ ਸਿਧਾਂਤਾਂ ਦੀ ਵਿਆਖਿਆ ਹੀ ਆਪਣੇ ਅੰਦਾਜ ਵਿੱਚ ਕੀਤੀ ਹੈ। ਇਸ ਪਉੜੀ ਵਿਚ ਵੀ ਉਹਨਾਂ ਜੋ ਗੱਲ ਆਖੀ ਹੈ, ਉਸ ਦਾ ਮੂਲ ਗੁਰਬਾਣੀ ਹੀ ਹੈ। ਪਉੜੀ ਦੇ ਸ਼ਬਦ ਅਤੇ ਵਾਕਾਂ ਨੂੰ ਗੁਰਬਾਣੀ ਵਿੱਚ ਵਰਤੇ ਗਏ ਸ਼ਬਦਾਂ ਅਤੇ ਵਾਕਾਂ ਨਾਲ ਤੁਲਨਾ ਕਰਨ ਦੀ ਕੋਸ਼ਿਸ਼ ਕਰਦੇ ਹਾਂ:

***ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥*** (ਪੰਨਾ ੩)

***ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ॥*** (ਪੰਨਾ ੭੩੬)

***ਹਰਿ ਆਪੇ ਪੰਚ ਤਤੁ ਬਿਸਥਾਰਾ ਵਿਚਿ ਧਾਤੂ ਪੰਚ ਆਪਿ ਪਾਵੈ॥*** (ਪੰਨਾ ੭੨੦)

***ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ॥*** (ਪੰਨਾ ੬੪)

***ਕੇਤੀਆ ਤੇਰੀ ਕੁਦਰਤੀ ਕੇਵਡ ਤੇਰੀ ਦਾਤਿ॥*** (ਪੰਨਾ ੧੮)

***ਖੰਡ ਪਤਾਲ ਅਸੰਖ ਮੈ ਗਣਤ ਨ ਹੋਈ॥*** (ਪੰਨਾ ੧੨੮੩)

***ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ॥*** (ਪੰਨਾ ੬੧੨)

***ਕਈ ਕੋਟਿ ਹੋਏ ਅਵਤਾਰ॥ ਕਈ ਜੁਗਤਿ ਕੀਨੋ ਬਿਸਥਾਰ॥** (ਪੰਨਾ ੨੭੬)

***ਕਈ ਕੋਟਿ ਬੇਦ ਪੁਰਾਨ ਸਿਮ੍ਰਿਤਿ ਅਰੁ ਸਾਸਤ॥*** (ਪੰਨਾ ੨੭੬)


***ਰਾਸਿ ਮੰਡਲੁ ਕੀਨੋ ਆਖਾਰਾ॥ ਸਗਲੋ ਸਾਜਿ ਰਖਿਓ ਪਾਸਾਰਾ॥** (ਪੰਨਾ ੭੪੬)

ਸੋ ਸਪਸ਼ਟ ਹੁੰਦਾ ਹੈ ਕਿ ਭਾਈ ਗੁਰਦਾਸ ਜੀ ਗੁਰਬਾਣੀ ਵਿੱਚ ਹੀ ਕਥਨ ਕੀਤੇ ਸਿਧਾਂਤ ਦੀ ਵਿਆਖਿਆ ਕਰ ਰਹੇ ਹਨ। ਇਸ ਪਉੜੀ ਵਿੱਚ ਉਹਨਾਂ ਨੇ ਕਰਤਾ ਪੁਰਖ ਵੱਲੋਂ ਸਾਜੀ ਗਈ ਕੁਦਰਤ ਦੇ ਅਸੀਮ ਪਸਾਰੇ ਦੀ ਗੱਲ ਛੋਹੀ ਹੈ। ਨਾਲ ਹੀ ਉਸ ਸਮੇਂ ਤੱਕ ਦੇ ਸਤਿਕਾਰਯੋਗ ਬਿਆਸ, ਅਵਤਾਰ ਅਤੇ ਮੁਹੰਮਦ ਆਦਿ ਦਾ ਜੀਕਰ ਕਰਕੇ ਉਹਨਾਂ ਨੂੰ ਵੀ ਉਸ ਵਿਸ਼ਾਲ ਵਿਸ਼ਾਲ ਬ੍ਰਹਿਮੰਡ ਵਿੱਚ ਬਹੁਤ ਛੋਟੇ ਦੱਸਿਆ ਹੈ। ਕਿਉਂਕਿ ਕਿੰਨੇ ਹੀ ਬ੍ਰਹਿਮੰਡ ਅਤੇ ਕਿੰਨੇ ਹੀ ਅਵਤਾਰ ਆਦਿ ਦਾ ਹਵਾਲਾ ਉਸ ਅਸੀਮ ਦੀ ਬੇਅੰਤ ਅਤੇ ਅਮਿਣਵੀ ਵਿਸ਼ਾਲਤਾ ਵੱਲ ਇਸ਼ਾਰਾ ਕਰਦਾ ਹੈ।

ਨੋਟ ਕਰਨ ਵਾਲੀ ਗੱਲ ਹੈ ਕਿ ਇੱਥੇ ਵਰਤੇ ਗਏ ਸ਼ਬਦ ਤੱਤ ਵਿੱਚ ਅਧਕ ਦੀ ਵਰਤੋਂ ਕੀਤੀ ਗਈ ਹੈ। ਪਾਠ ਅੰਤਰ ਦੀ ਸੰਭਾਵਨਾ ਤਾਂ ਹੈ ਹੀ, ਪਰ ਇਹ ਵੀ ਹੋ ਸਕਦਾ ਹੈ ਕਿ ਇਸ ਸਮੇਂ ਅਧਕ ਆਰੰਭ ਹੋ ਗਿਆ ਹੋਵੇ। ਯਾਦ ਰਹੇ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਕਿਤੇ ਵੀ ਅਧਕ ਦੀ ਵਰਤੋਂ ਨਹੀਂ ਕੀਤੀ ਗਈ ਅਤੇ ਭਾਈ ਗੁਰਦਾਸ ਜੀ ਨੇ ਗੁਰੂ ਗ੍ਰੰਥ ਸਾਹਿਬ (ਉਸ ਸਮੇਂ ਆਦਿ ਗ੍ਰੰਥ) ਦੇ ਪੂਰਾ ਲਿਖੇ ਜਾਣ ਤੋਂ ਬਾਅਦ ਹੀ ਲਿਖਣਾ ਸ਼ੁਰੂ ਕੀਤਾ ਸੀ। ਪਰ ਇਹ ਸਿਰਫ ਅੰਦਾਜਾ ਹੀ ਹੈ ਕਿਉਂਕਿ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਕਿਤੇ ਵੀ ਅੱਧਕ ਨਹੀਂ ਹੈ।

# ਕੈਲੀ ਗਰਾਫੀ

ਮਨਿੰਦਰ ਕੌਰ (ਕੈਲਗਰੀ, ਕੈਨੇਡਾ)



# ਦਰਸ਼ਨ ਤੇ ਦਿਖਾਵਾ

ਪ੍ਰੋ. ਮਨਿੰਦਰ ਸਿੰਘ (ਐਡਮਿੰਟਨ, ਕੈਨੇਡਾ)

ਮਹਾਨ ਕੋਸ਼ ਵਿਚ ਦਰਸ਼ਨ ਸ਼ਬਦ ਦੇ ਕਈ ਅਰਥ ਦਰਜ ਕੀਤੇ ਗਏ ਹਨ ਜਿਵੇਂ- ਦੇਖਣ ਦਾ ਸਾਧਨ, ਦੀਦਾਰ, ਨੇਤ੍ਰ, ਸ਼੍ਰਵਣ ਦਰਸ਼ਨ, ਚਿਤ੍ਰ ਦਰਸ਼ਨ, ਸੁਪਨ ਦਰਸ਼ਨ, ਧਰਮ ਸਿਖਾਉਣ ਵਾਲਾ ਗ੍ਰੰਥ, ਪ੍ਰਤੱਖ ਦਰਸ਼ਨ, ਧਰਮ, ਮਜ਼ਹਬ।

ਗੁਰਬਾਣੀ ਵਿਚ ਦਰਸ਼ਨ ਸ਼ਬਦ ਦੀ ਵਰਤੋਂ ਗੁਰਮਤਿ ਨੂੰ ਮੂਲ ਰੂਪ ਵਿਚ ਜਾਣਨ ਤੇ ਸਮਝਣ ਲਈ ਕੀਤੀ ਗਈ ਹੈ, ਜੋ ਧਰਮ ਸਿਖਾਉਣ ਵਾਲਾ ਗ੍ਰੰਥ ਨਾਲ ਸਮਾਨਤਾ ਰਖਦੀ ਹੈ:

**"ਹਰਿ ਦਰਸਨੁ ਪਾਵੈ ਵਡਭਾਗਿ॥ ਗੁਰ ਕੈ ਸਬਦਿ ਸਚੈ ਬੈਰਾਗਿ॥ ਖਟੁ ਦਰਸਨੁ ਵਰਤੈ ਵਰਤਾਰਾ॥ ਗੁਰ ਕਾ ਦਰਸਨੁ ਅਗਮ ਅਪਾਰਾ॥ ਗੁਰ ਕੈ ਦਰਸਨਿ ਮੁਕਤਿ ਗਤਿ ਹੋਇ॥ ਸਾਚਾ ਆਪਿ ਵਸੈ ਮਨਿ ਸੋਇ॥"** (ਅੰਗ 391)

ਵੇਦਾਂਤ ਅਨੁਸਾਰ ਜਗਤ ਵਿਚ ਛੇ ਸ਼ਾਸਤਰਾਂ ਦਾ ਵਰਤਾਰਾ ਚਲ ਰਿਹਾ ਹੈ, ਪਰ ਗੁਰੂ ਦਾ ਸ਼ਾਸਤਰ ਇਨ੍ਹਾਂ ਛੇ ਸ਼ਾਸਤਰਾਂ ਦੀ ਪਹੁੰਚ ਤੋਂ ਪਰੇ ਹੈ। ਇਹ ਛੇ ਸ਼ਾਸਤਰ ਗੁਰੂ ਦੇ ਸ਼ਾਸਤਰ ਦਾ ਅੰਤ ਨਹੀਂ ਪਾ ਸਕਦੇ। ਗੁਰੂ ਦੇ ਸ਼ਬਦ ਵਿਚ ਜੁੜ ਕੇ ਸਦਾ ਕਾਇਮ ਰਹਿਣ ਵਾਲੇ ਪ੍ਰਮਾਤਮਾਂ ਵਿਚ ਧਿਆਨ ਜੋੜਕੇ ਮਨੁੱਖ ਵੱਡੇ ਭਾਗਾਂ ਨਾਲ ਪ੍ਰਮਾਤਮਾਂ ਦਾ ਸ਼ਾਸਤਰ ਪ੍ਰਾਪਤ ਕਰ ਸਕਦਾ ਹੈ। ਗੁਰੂ ਦੇ ਸ਼ਾਸਤਰ ਰਾਹੀਂ ਵਿਕਾਰਾਂ ਤੋਂ ਖਲਾਸੀ ਹੋ ਜਾਂਦੀ ਹੈ। ਸਦਾ ਕਾਇਮ ਰਹਿਣ ਵਾਲਾ ਪ੍ਰਮਾਤਮਾਂ ਆਪ ਮਨ ਵਿਚ ਆ ਵਸਦਾ ਹੈ।

ਗੁਰੂ ਦਾ ਦਰਸ਼ਨ, ਭਾਵ ਗੁਰਮਤਿ ਗ੍ਰਹਿਣ ਕਰਨ ਨਾਲ ਦੂਖਾਂ ਪਾਪਾਂ ਦਾ ਨਾਸ ਹੋ ਜਾਂਦਾ ਹੇ ਤੇ ਆਤਮਕ ਸੁਖ ਪ੍ਰਾਪਤ ਹੁੰਦਾ ਹੈ:

**"ਦਰਸਨੁ ਭੇਟਤ ਪਾਪ ਸਭਿ ਨਾਸਹਿ ਹਰਿ ਸਿਉ ਦੇਇ ਮਿਲਾਈ॥ ਮੇਰਾ ਗੁਰੁ ਪਰਮੇਸਰੁ ਸੁਖਦਾਈ॥ ਪਾਰਬ੍ਰਹਮ ਕਾ ਨਾਮੁ ਦ੍ਰਿੜਾਏ ਅੰਤੇ ਹੋਇ ਸਖਾਈ॥"** (ਅੰਗ 915)

ਗੁਰੂ ਦਾ ਦਰਸ਼ਨ ਪ੍ਰਾਪਤ ਹੋਣ ਨਾਲ ਸਾਰੇ ਪਾਪ ਨਾਸ਼ ਹੋ ਜਾਂਦੇ ਹਨ। ਗੁਰੂ ਮਨੁੱਖ ਨੂੰ ਪ੍ਰਮਾਤਮਾਂ ਨਾਲ ਜੋੜ ਦਿੰਦਾ ਹੈ। ਮੇਰਾ ਗੁਰੂ, ਪ੍ਰਮੇਸ਼ਰ ਦਾ ਰੂਪ ਹੈ, ਸਾਰੇ ਸੁੱਖ ਦੇਣ ਵਾਲਾ ਹੈ। ਗੁਰੂ ਪ੍ਰਮਾਤਮਾਂ ਦਾ ਨਾਮ ਹਿਰਦੇ ਵਿਚ ਸਥਿਰ ਕਰ ਦਿੰਦਾ ਹੈ ਜੋ ਅਖੀਰ ਵੇਲੇ ਵੀ ਮਨੁੱਖ ਦਾ ਮਿੱਤਰ ਬਣਦਾ ਹੈ। ਗੁਰਦਰਸ਼ਨ ਗੁਰੂ ਦਾ ਕੇਵਲ ਸਰੀਰਕ ਦਰਸ਼ਨ ਨਹੀਂ ਸਗੋਂ ਗੁਰੂ ਦੇ ਉਪਦੇਸ਼ ਭਾਵ ਸ਼ਬਦ ਦੀ ਵਿਚਾਰ ਅਤੇ ਕਮਾਈ ਹੈ:

**"ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥ ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ॥ ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ॥ ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ॥"** (ਅੰਗ 594)

ਸੰਸਾਰ ਵਿਚ ਹਰੇਕ ਮਨੁੱਖ ਸਤਿਗੁਰੂ ਦੇ ਸਰੀਰਕ ਦਰਸ਼ਨ ਕਰਦਾ ਹੈ, ਪਰ ਨਿਰਾ ਵੇਖਿਆਂ ਮੁਕਤੀ ਨਹੀਂ ਮਿਲਦੀ ਜਦ ਤਕ ਮਨੁੱਖ ਗੁਰੂ ਦੇ ਸ਼ਬਦ ਦੀ ਵਿਚਾਰ ਨਹੀਂ ਕਰਦਾ। ਵਿਚਾਰ ਕਰਨ ਤੋਂ ਬਿਨਾ ਹੰਕਾਰ ਦੀ ਮੈਲ ਨਹੀਂ ਉਤਰਦੀ ਤੇ ਨਾਮ ਵਿਚ ਪਿਆਰ ਨਹੀਂ ਬਣਦਾ।

ਪ੍ਰਮਾਤਮਾਂ ਅਦ੍ਰਿਸ਼ਟ ਹੈ, ਅਪਹੁੰਚ ਹੈ, ਫ਼ਿਰ ਉਸਨੂੰ ਕਿਸ ਤਰੀਕੇ ਨਾਲ ਮਿਲਿਆ ਜਾ ਸਕਦਾ ਹੈ? ਜਦੋਂ ਗੁਰੂ ਦੇ ਸ਼ਬਦ ਦੀ ਬਰਕਤ ਨਾਲ ਮਨੁੱਖ ਦੇ ਮਨ ਦੀ ਭਟਕਣ ਕੱਟੀ ਜਾਂਦੀ ਹੈ ਤਦੋਂ ਪ੍ਰਮਾਤਮਾਂ ਸਹਿਜ ਸੁਭਾਇ ਆਪ ਹੀ ਮਨੁੱਖ ਦੇ ਮਨ ਵਿਚ ਆ ਵਸਦਾ ਹੈ।

ਦਰਸ਼ਨ ਦਾ ਅਨੁਭਵ ਹਰ ਸਮੇਂ ਗੁਰਮਤਿ ਦੀ ਪ੍ਰਾਪਤੀ ਦਾ ਅਹਿਸਾਸ ਹੈ। ਇਹ "**ਚੌਗਿਰਦ ਹਮਾਰੈ ਰਾਮਕਾਰ**" ਵਰਗੀ ਅਵੱਸਥਾ ਹੈ ਜਿਸਦੇ

ਦੁਆਰਾ ਤਨ-ਮਨ ਦੇ ਦੋਖਾਂ ਪ੍ਰਤੀ ਮਨੁੱਖ ਸਾਵਧਾਨ ਹੋ ਜਾਂਦਾ ਹੈ:

**"ਦਰਸਨੁ ਦੇਖਤ ਦੋਖ ਨਸੇ॥ ਕਬਹੁ ਨ ਹੋਵਹੁ ਦ੍ਰਿਸਟਿ ਅਗੋਚਰ ਜੀਅ ਕੈ ਸੰਗਿ ਬਸੇ॥"**

(ਅੰਗ 826)

ਦਰਸ਼ਨ ਕਰਦਿਆਂ ਸਾਰੇ ਵਿਕਾਰ ਦੂਰ ਹੋ ਜਾਂਦੇ ਹਨ। ਹੇ ਪ੍ਰਭੂ! ਮੇਹਰ ਕਰਕੇ ਕਦੇ ਵੀ ਮੇਰੀ ਨਜ਼ਰ ਤੋਂ ਉਹਲੇ ਨਾ ਹੋ, ਸਦਾ ਮੇਰੀ ਜਿੰਦ ਦੇ ਨਾਲ ਵਸਦਾ ਰਹੁ। ਪ੍ਰਭੂ ਦੇ ਦਰਸ਼ਨਾਂ ਦੀ ਪਿਆਸ ਸਰੀਰਕ ਅੱਖਾਂ ਨਾਲ ਨਹੀਂ ਬੁਝਦੀ। ਉਹ ਅਨੁਭਵ ਦੀਆਂ ਹੋਰ ਅੱਖਾਂ ਹਨ ਜਿਨ੍ਹਾਂ ਨਾਲ ਉਸ ਪਿਆਰੇ ਨੂੰ ਦੇਖਿਆ ਜਾ ਸਕਦਾ ਹੈ:

**"ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ॥ ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥"** (ਅੰਗ 577)

ਗੁਰਬਾਣੀ ਦੀਆਂ ਉਪ੍ਰੋਕਤ ਉਦਾਹਰਣਾ ਦੁਆਰਾ ਸਪੱਸ਼ਟ ਹੋ ਜਾਂਦਾ ਹੈ ਕਿ ਸਰੀਰਕ ਰੂਪ ਵਿਚ ਗੁਰੂ (ਅਕਾਲ ਪੁਰਖਦੇ ਦਰਸ਼ਨ ਹੋਣ ਦੀਆਂ ਗਲਾਂ ਐਵੇਂ ਜਜ਼ਬਾਤੀ ਕਲਪਨਾਵਾਂ ਹੀ ਹਨ। ਅਸਲੀ ਦਰਸ਼ਨ ਗੁਰੁ ਦੀ ਸਿੱਖਿਆ ਦਾ ਅਨੁਭਵ ਹੈ। ਭਗਤ ਨਾਮਦੇਵ ਜੀ ਇਸ ਅਨੁਭਵ ਦਾ ਕਥਨ ਆਪਣੇ ਸੋਰਠਿ ਰਾਗ ਦੇ ਸ਼ਬਦ ਵਿਚ ਕਰਦੇ ਹਨ:

**"ਜਬ ਤੇ ਦਰਸਨ ਭੇਟੇ ਸਾਧੂ ਭਲੇ ਦਿਨਸ ਓਇ ਆਏ॥ ਮਹਾ ਅਨੰਦੁ ਸਦਾ ਕਰਿ ਕੀਰਤਨੁ ਪੁਰਖ ਬਿਧਾਤਾ ਪਾਏ॥ ਅਬ ਮੋਹਿ ਰਾਮ ਜਸੋ ਮਨਿ ਗਾਇਓ॥ ਭਇਓ ਪ੍ਰਗਾਸੁ ਸਦਾ ਸੁਖੁ ਮਨ ਮਹਿ ਸਤਿਗੁਰੁ ਪੂਰਾ ਪਾਇਓ॥"** (ਅੰਗ 656)

ਗੁਰਬਾਣੀ ਵਿਚ ਦਰਸ਼ਨ ਅਥਵਾ ਦਰਸ ਦਾ ਭਾਵ - ਦੇਖਣ ਦਾ ਸਾਧਨ, ਦੀਦਾਰ, ਵੀ ਲਿਆ ਗਿਆ ਹੈ:

**"ਦੇਹੁ ਦਰਸੁ ਸੁਖਦਾਤਿਆ ਮੈ ਗਲਿ ਵਿਚਿ ਲੈਹੁ ਮਿਲਾਇ ਜੀਉ॥"** (ਅੰਗ 74)

ਸੰਸਾਰ ਵਿਚ ਬਹੁਤੇ ਧਰਮ ਗੁਰੂ ਜਾਂ ਉਪਦੇਸ਼ਕ ਅਖਵਾਉਣ ਵਾਲੇ ਬਾਹਰਮੁਖੀ ਦਿਖਾਵੇ ਤੇ ਭੇਖ ਧਾਰਨ ਕਰਕੇ ਸਿੱਧੇ ਸਾਦੇ ਚੇਲਿਆਂ ਦੀ ਭੀੜ ਇਕੱਠੀ ਲੈਂਦੇ ਹਨ। ਗੁਰਬਾਣੀ ਵਿਚ ਅਜਿਹੇ ਪਾਖੰਡੀ ਗੁਰੂਆ ਬਾਰੇ ਸਾਵਧਾਨ ਕੀਤਾ ਗਿਆ ਹੈ:

**"ਭੇਖ ਦਿਖਾਵੈ ਸਚੁ ਨ ਕਮਾਵੈ॥ ਕਹਤੋ ਮਹਲੀ ਨਿਕਟਿ ਨ ਆਵੈ॥ ਅਤੀਤੁ ਸਦਾਏ ਮਾਇਆ ਕਾ ਮਾਤਾ॥ ਮਨਿ ਨਹੀ ਪ੍ਰੀਤਿ ਕਹੈ ਮੁਖਿ ਰਾਤਾ॥"**

(ਅੰਗ 738)

ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਤ ਦਸਮ ਗ੍ਰੰਥ ਵਿਚ ਵੀ ਭੇਖੀ ਗੁਰੂਆਂ ਦਾ ਖੰਡਨ ਕੀਤਾ ਗਿਆ ਹੈ:

**"ਭੇਖ ਦਿਖਾਇ ਜਗਤ ਕੋ, ਲੋਗਨ ਕੋ ਬਸਿ ਕੀਨ॥ ਅੰਤਿ ਕਾਲ ਕਾਤੀ ਕਟਿਓ, ਬਾਸ ਨਰਕ ਮੋ ਲੀਨ॥"** (ਦਸਮ ਬਾਣੀ, ਪੰਨਾ 59)

ਭਾਈ ਗੁਰਦਾਸ ਜੀ ਨੇ ਵੀ ਝੂਠੇ ਗੁਰੂਆਂ ਦਾ ਖੰਡਨ ਕਰਦਿਆਂ ਫ਼ੁਰਮਾਇਆ ਹੈ ਕਿ ਜਿਵੇਂ ਧ੍ਰਿਕਾਨੂਆਂ ਦੇ ਗੁੱਛੇ ਦਾਖਾਂ ਨਹੀ ਹੋ ਸਕਦੇ, ਅੱਕ ਦੀ ਖਖੜੀ ਅੰਬ ਨਹੀਂ ਅਖਵਾ ਸਕਦੀ, ਮੁਲੰਮੇ ਦੇ ਗਹਿਣਿਆਂ ਨੂੰ ਕੋਈ ਸੋਨੇ ਦੇ ਨਹੀਂ ਆਖਦਾ। ਬਲੌਰ ਹੀਰਿਆਂ ਤੁਲ ਨਹੀਂ ਹੋ ਸਕਦੇ, ਲਸੀ ਤੇ ਦੁਧ ਦੋਵੇਂ ਸਫ਼ੇਦ ਹੋਣ ਦੇ ਬਾਵਜੂਦ ਗੁਣ ਤੇ ਸਵਾਦ ਨਾਲ ਪਰਖੇ ਜਾਂਦੇ ਹਨ, ਤਿਉਂ ਸੱਚੇ ਤੇ ਝੂਠੇ ਸਾਧੂਆਂ ਦੀ ਪਰਖ ਉਨ੍ਹਾਂ ਦੀ ਕਰਨੀ ਤੇ ਬੋਲੀ ਤੋਂ ਹੋ ਜਾਂਦੀ ਹੈ।

**"ਗੁੱਛਾ ਹੋਇ ਧ੍ਰਿਕਾਨੂਆ ਕਿਉ ਵੜੀਐ ਦਾਖੈ॥ ਅਕੈ ਕੇਰੀ ਖਖੜੀ ਕੋਈ ਅੰਬੁ ਨ ਆਖੈ॥ ਗਹਣੇ ਜਿਉ ਜਰਪੋਸ ਦੇ ਨਹੀ ਸੋਇਨਾ ਸਾਖੈ॥ ਫਟਕ ਨ ਪੁਜਨਿ ਹੀਰਿਆ ਓਇ ਭਰੇ ਬਿਆਖੈ॥ ਧਉਲੇ ਦਿਸਨਿ ਛਾਹਿ ਦੁਧੁ ਸਾਦਹੁ ਗੁਣ ਗਾਖੈ॥ ਤਿਉ ਸਾਧ ਅਸਾਧ ਪਰਖੀਅਨਿ ਕਰਤੂਤਿ ਸੁ ਭਾਖੈ॥"** (ਵਾਰ 35/17)

# ਸਿਮਰਨ ਤੋਂ ਪ੍ਰਾਪਤੀਆਂ: ਭਾਗ 1

(ਫੂਲਾ ਸਿੰਘ, ਅਮਰੀਕਾ)

ਮਨੁੱਖ ਦੀਆਂ ਸ਼ਕਤੀਆਂ ਵਿਚੋਂ ਯਾਦ ਇਕ ਮੁਖ ਸ਼ਕਤੀ ਹੈ, ਜਿਸ ਰਾਹੀਂ ਅਸੀਂ ਹਰ ਬੀਤੀ ਜਾਂ ਆਉਣ ਵਾਲੀ ਚੀਜ਼ ਨੂੰ ਚੇਤੇ ਕਰਦੇ ਹਾਂ। ਇਸ ਯਾਦ-ਸ਼ਕਤੀ ਦੀ ਵਰਤੋਂ ਹੀ ਸਿਮਰਨ ਹੈ।

ਅਜਿਹੀ ਯਾਦ ਜਿਸ ਦੇ ਨਾਲ ਮਨ ਵਿਚ ਨੇਕੀ, ਪਵਿਤ੍ਰਤਾ, ਉਪਕਾਰ, ਸਚਾਈ ਤੇ ਪਿਆਰ ਪੈਦਾ ਹੋਵੇ ਜੀਵਨ ਨੂੰ ਉਚੇਰਿਆਂ ਕਰਦੀ ਹੈ। ਪਰ ਜਿਸ ਯਾਦ ਨਾਲ ਮਨ ਵਿਚ ਗਿਲਾਨੀ, ਨਫ਼ਰਤ, ਦਵੈਸ਼, ਈਰਖਾ, ਨਿੰਦਾ ਤੇ ਵਾਦ ਪੈਦਾ ਹੋਵੇ ਉਹ ਜੀਵਨ ਨੂੰ ਥੱਲੇ ਲੈ ਜਾਂਦੀ ਹੈ।

ਬਾਬਾ ਫ਼ਰੀਦ ਜੀ ਨੇ ਕਿਹਾ ਕਿ ਜਿਨ੍ਹਾਂ ਕੰਮਾਂ ਵਿਚ ਕੋਈ ਗੁਣ ਨਹੀਂ ਉਹਨਾਂ ਨੂੰ ਭੁਲਾ ਦੇ, ਕਿਉਂ ਜੋ ਉਹਨਾਂ ਦੇ ਯਾਦ ਕਰਨ ਕਰਕੇ ਅਜਿਹਾ ਨਾ ਹੋਵੇ ਕਿ ਤੈਨੂੰ ਸਾਹਿਬ ਦੇ ਦਰਵਾਜ਼ੇ ਤੇ ਜਾ ਕੇ ਸ਼ਰਮਿੰਦਾ ਹੋਣਾ ਪਵੇ:

**"ਫ਼ਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤ ਕੰਮੜੇ ਵਿਸਾਰਿ॥ ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥** (ਅੰਕ 1381)

ਗੁਰਬਾਣੀ ਅਨੁਸਾਰ ਜਿਸ ਯਾਦ ਵਿਚ ਮਨ ਨੂੰ ਭਰਮਾਣ ਵਾਲੇ ਵਿਕਾਰਾਂ ਨੂੰ ਤੇਜ਼ ਕਰਨ ਵਾਲੇ ਅਸਥਿਰ ਪਦਾਰਥਾਂ ਵੱਲ ਰੁਚੀ ਹੋਵੇ ਉਸ ਯਾਦ ਦਾ ਨਾਮ ਤ੍ਰਿਸ਼ਨਾ ਹੈ, ਤੇ ਜਿਸ ਯਾਦ ਕਰਕੇ ਮਨ ਵਿਚ ਸ਼ਾਂਤ ਰਸ, ਸੁਖ ਤੇ ਸੁਆਦ ਪੈਦਾ ਹੋਵੇ ਉਹ ਲਿਵ ਹੈ। ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਜਿਸ ਵੇਲੇ 'ਮਾਇਆ' ਦਾ ਹੁਕਮ ਵਰਤਦਾ ਹੈ ਤਾਂ ਮਨੁੱਖ ਲਿਵ ਨੂੰ ਛੱਡ ਤ੍ਰਿਸ਼ਨਾ ਵੱਲ ਜਾਂਦਾ ਹੈ:

**"ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥"** (ਅੰਕ 921)

ਸਤਿਗੁਰਾਂ ਨੇ ਤਾਕੀਦ ਕੀਤੀ ਹੈ ਕਿ ਹੇ ਮਨੁੱਖ ! ਜੇ ਤੂੰ ਤਨ ਵਿਚੋਂ ਕਲਹ ਕਲੇਸ਼ ਮਿਟਾ ਕੇ ਸੁਖ ਪਾਉਣਾ ਚਾਹੁੰਦਾ ਏਂ ਤਾਂ ਸਿਮਰਨ ਕਰ:

**"ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥ ਕਲਿ ਕਲੇਸ ਤਨ ਮਾਹਿ ਮਿਟਾਵਉ॥"** (ਅੰਕ 261)

## ਸਿਮਰਨ ਕੀ ਹੈ?

ਸਿਮਰਨ ਦਾ ਅਰਥ ਹੈ, 'ਯਾਦ ਕਰਨਾ ਤੇ ਯਾਦ ਰੱਖਣਾ'। ਉਸ ਸਰਬ-ਵਿਅਪਕ ਜੋਤਿ ਨੂੰ ਹਰ ਥਾਂ ਪਸਰੀ ਜਾਣ ਕੇ ਉਸ ਨੂੰ '**ਤੂੰ ਹੈਂ ਤੂੰ**' ਆਖਦੇ ਰਹਿਣਾ ਉਸ ਦਾ 'ਸਿਮਰਨ' ਹੈ। ਸ਼ਬਦ ਦੀ ਰਾਹੀਂ ਉਸ ਦੀਆਂ ਸਿਫ਼ਤਾਂ ਪੜ੍ਹਨੀਆਂ, ਸੁਣਨੀਆਂ, ਗਾਣੀਆਂ ਭੀ ਉਸ ਦਾ ਸਿਮਰਨ ਹੈ। ਜਗਤ ਦੇ ਸਾਰੇ ਜੀਅ-ਜੰਤ ਪਰਮਾਤਮਾ ਦੀ ਅੰਸ਼ ਹਨ। ਗੁਰੂ ਅਮਰਦਾਸ ਜੀ ਆਖਦੇ ਹਨ ;

**"ਮਨ ਤੂ ਜੋਤਿ ਸਰੂਪੁ ਹੈ, ਆਪਣਾ ਮੂਲ ਪਛਾਣੁ॥"** (ਅੰਕ 442)

ਪਰਮਾਤਮਾ ਤੇ ਜੀਵਆਤਮਾ ਦੋਹਾਂ ਦਾ ਇੱਕੋ ਅਸਲਾ ਹੁੰਦਿਆਂ ਭੀ ਦੋਹਾਂ ਦੇ ਵਿਤ ਵਿਚ ਬੇਅੰਤ ਫ਼ਰਕ ਹੈ। ਜਿਵੇਂ ਸਮੁੰਦਰ ਦੇ ਬੇਅੰਤ ਪਾਣੀਆਂ ਤੇ ਇਕ ਬੂੰਦ ਦਾ ਅਸਲਾ ਹਾਈਡਰੋਜਨ ਤੇ ਆਕਸੀਜਨ ਹਨ, ਪਰ ਦੋਹਾਂ ਦੇ ਵਿਤ ਵਿਚ ਫਰਕ ਹੈ।

ਪਰਮਾਤਮਾ ਤੇ ਜੀਵਆਤਮਾ ਦਾ ਅਸਲਾ ਇਕੋ ਹੋਣ ਕਰਕੇ ਜੀਵ ਨੇ ਕਿਸੇ 'ਦੂਜੇ' ਦੀ 'ਖੁਸ਼ਾਮਦ' ਨਹੀਂ ਕਰਨੀ। ਇਸ ਨੇ ਆਪਣੀ ਨਿੱਕੀ ਜਿਹੀ 'ਸੁਰਤਿ' ਨੂੰ ਇਸ ਨੇ ਸਰਬ-ਵਿਆਪਕ 'ਸੁਰਤਿ' ਵਿਚ ਜੋੜਨਾ ਹੈ, ਆਪਣੇ ਨਿੱਕੇ ਜਿਹੇ ਮਨ ਨੂੰ ਸਰਬ-ਵਿਅਪਕ ਮਨ ਵਿਚ ਇਕਮਿਕ ਕਰਨਾ ਹੈ, ਆਪਣੀ ਨਿੱਕੀ ਜਿਹੀ

ਜਿੰਦ ਨਾਲ ਸਰਬ-ਵਿਆਪਕ ਜਿੰਦ ਵਿਚ ਚੁੱਭੀ ਲੁਆਣੀ ਹੈ। ਇਸੇ ਦਾ ਨਾਮ 'ਸਿਮਰਨ' ਹੈ।

ਪਰਮਾਤਮਾ ਦੇ ਗੁਣ ਗਾਣੇ ਉਸ ਦੀ ਖੁਸ਼ਾਮਦ ਨਹੀਂ ਹੈ। ਉਹ ਬੇਅੰਤ ਗੁਣਾਂ ਦਾ ਮਾਲਕ ਹੈ। ਮਨੁੱਖ ਉਸ ਦੇ ਸਾਰੇ ਗੁਣ ਦੱਸ ਭੀ ਨਹੀਂ ਸਕਦਾ। ਜੀਵ ਨੇ ਪਰਮਾਤਮਾ ਦੇ ਗੁਣ ਸਿਰਫ਼ ਇਸ ਵਾਸਤੇ ਗਾਣੇ ਹਨ ਕਿ ਗੁਣ ਗਾਂਦਾ ਇਹ ਗੁਣਾਂ ਦੇ ਮਾਲਕ ਵਿਚ ਲੀਨ ਹੋ ਜਾਏ:

**"ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥ ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮ॥"** (ਅੰਕ 846)

ਭਾਵ ਸੂਰਜ ਦੀ ਕਿਰਣ ਨਾਲ ਮਿਲ ਕੇ ਬਰਫ਼ ਤੋਂ ਪਾਣੀ ਬਣ ਜਾਂਦਾ ਹੈ, ਤੇ ਕਠੋਰਤਾ ਖਤਮ ਹੋ ਜਾਂਦੀ ਹੈ। ਇਸੇ ਤਰ੍ਹਾਂ ਸਿਮਰਨ ਦੀ ਬਰਕਤ ਨਾਲ ਜੀਵ ਦੇ ਅੰਦਰੋਂ ਰੁੱਖਾ-ਪਨ ਮੁੱਕ ਕੇ ਜੀਵ ਦੀ ਜਿੰਦ ਪਰਮਾਤਮਾ ਦੀ ਜੋਤਿ ਨਾਲ ਇਕ-ਮਿਕ ਹੋ ਜਾਂਦੀ ਹੈ, ਤੇ ਜੀਵ ਸਾਰੇ ਗੁਣਾਂ ਦੇ ਮਾਲਕ ਪਰਮਾਤਮਾ ਦਾ ਰੂਪ ਹੋ ਜਾਂਦਾ ਹੈ।

## ਸਿਮਰਨ ਨਾਲ ਜੀਵਨ ਪਲਟ ਜਾਂਦਾ ਹੈ

ਇਹ ਇਕ ਸਾਧਾਰਨ ਕੁਦਰਤੀ ਨਿਯਮ ਹੈ ਕਿ ਮਨੁੱਖ ਜਿਹੋ ਜਿਹੇ ਬਹਿਣੇ ਬੈਠਦਾ ਹੈ, ਉਹੋ ਜਿਹੀ ਉਸ ਦੀ ਮੱਤ ਹੋ ਜਾਂਦੀ ਹੈ, ਉਹੋ ਜਿਹਾ ਉਸ ਦਾ ਸੁਭਾਉ ਤੇ ਜੀਵਨ ਬਣ ਜਾਂਦਾ ਹੈ। ਜਿਸ ਭਾਗਾਂ ਵਾਲੇ ਨੂੰ ਕਿਸੇ ਭਲੇ ਪੁਰਖ ਦੀ ਸੰਗਤ ਨਸੀਬ ਹੁੰਦੀ ਹੈ, ਉਸ ਦੀ ਬਰਕਤ ਨਾਲ ਉਹ ਸਭ ਵਿਚ ਵੱਸਦੇ ਪਰਮਾਤਮਾ ਦੀ ਯਾਦ ਤੇ ਸਿਫ਼ਤ-ਸਲਾਹ ਕਰਨੀ ਸਿੱਖਦਾ ਹੈ। ਉਹ ਈਰਖਾ ਨਿੰਦਿਆ ਕਰਨ ਸੁਣਨ ਵਾਲੇ ਕੁਸੰਗੀਆਂ ਕੋਲ ਜਾਣੋਂ ਹਟ ਜਾਂਦਾ ਹੈ। ਗੁਰਬਾਣੀ ਫੁਰਮਾਣ:

**"ਪ੍ਰਭ ਕਾ ਸਿਮਰਨ ਸਾਧ ਕੈ ਸੰਗਿ॥ ਸਰਬ ਨਿਧਾਨ ਨਾਨਕ ਹਰਿ ਰੰਗਿ॥"** (ਅੰਕ 263)

ਪਰਮਾਤਮਾ ਦੀਆਂ ਦਾਤਾਂ ਦੇ ਮੋਹ ਵਿਚ ਫਸ ਕੇ ਜੀਵ ਦਾਤੇ ਦੀ ਯਾਦ ਵਲੋਂ ਆਲਸ ਕਰਨ ਲੱਗ ਪੈਂਦੇ ਹਨ। ਫਿਰ ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ ਆਦਿਕ ਜੀਵਨ ਸਫ਼ਰ ਵਿਚ ਕਈ ਹੋਰ ਠੇਡੇ ਭੀ ਹਨ। ਇਹਨਾਂ ਤੋਂ ਸੰਭਲਣਾ ਭੀ ਕੋਈ ਸੌਖੀ ਕਾਰ ਨਹੀਂ। ਪਰਮਾਤਮਾ ਦੇ ਨਾਮ ਦਾ ਸਿਮਰਨ ਹੀ ਇਕੋ ਇਕ ਵਸੀਲਾ ਹੈ ਜੋ ਇਨ੍ਹਾਂ ਵਿਕਾਰਾਂ ਨੂੰ ਅੰਦਰੋਂ ਕੱਢ ਕੇ ਜੀਵਨ ਨੂੰ ਪਲਟਾਂਦਾ ਹੈ ਅਤੇ ਜੀਵ ਦੇ ਅੰਦਰ ਸਤ, ਸੰਤੋਖ, ਦਇਆ, ਧਰਮ ਤੇ ਧੀਰਜ ਪੈਦਾ ਕਰਦਾ ਹੈ:

**"ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ॥ ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੈ ਗ੍ਰਿਹ ਭੀਤਰਿ ਵਾਰੇ॥"** (ਅੰਕ 379)

ਸਿਮਰਨ ਨੇ ਕਾਮ, ਕ੍ਰੋਧ, ਲੋਭ, ਮੋਹ, ਤੇ ਹੰਕਾਰ ਨੂੰ ਮਾਰਨਾ ਨਹੀਂ, ਸੁਧਾਰਨਾ ਹੈ। ਕਾਮ ਨੂੰ ਸੰਜਮ ਤੇ ਸ਼ਕਤੀ, ਕ੍ਰੋਧ ਨੂੰ ਵੀਰਤਾ ਤੇ ਬੀਰਰਸ, ਲੋਭ ਨੂੰ ਪੁਰਸ਼ਾਰਥ ਤੇ ਸੰਤੋਖ, ਮੋਹ ਨੂੰ ਪ੍ਰੇਮ ਤੇ ਕੁਰਬਾਨੀ ਅਤੇ ਹੰਕਾਰ ਨੂੰ ਸਵੈਮਾਨ ਤੇ ਅਣਖ ਦੇ ਰੂਪ ਵਿਚ ਬਦਲਣਾ ਹੈ।

ਸਿਮਰਨ ਕਰਨ ਨਾਲ ਜੀਵਨ ਬਦਲਣ ਬਾਰੇ ਗੁਰਬਾਣੀ ਵਿਚ ਬੇਅੰਤ ਸਬੂਤ ਦਿੱਤੇ ਹੋਏ ਹਨ। ਧ੍ਰੂਅ, ਪ੍ਰਹਿਲਾਦ, ਸਨਕ, ਸਨੰਦਨ ਤੋਂ ਲੈ ਕੇ ਗਨਿਕਾ, ਅਜਾਮਲ ਤਕ, ਬਾਲਮੀਕ ਤੋਂ ਲੈ ਕੇ ਕਬੀਰ, ਨਾਮਦੇਵ ਤੇ ਰਵੀਦਾਸ ਤੀਕ ਸਾਰੇ ਇਤਿਹਾਸ ਦੇ ਹਵਾਲੇ ਦਿੱਤੇ ਹੋਏ ਹਨ।

**"ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ॥ ਹਰਿ ਸਿਮਰਨਿ ਲਗਿ ਬੇਦ ਉਪਾਏ॥ ਹਰਿ ਸਿਮਰਨਿ ਭਏ ਸਿਧ ਜਤੀ ਦਾਤੇ॥ ਹਰਿ ਸਿਮਰਨਿ ਨੀਚ ਚਹੁੰ ਕੁੰਟ ਜਾਤੇ॥"** (ਅੰਕ 263)

## ਸਿਮਰਨ ਦਿਲ ਦੀ ਸੁਤੰਤ੍ਰਤਾ ਪੈਦਾ ਕਰਦਾ ਹੈ

ਜੀਵਨ ਨਿਰਬਾਹ ਲਈ ਰੋਜ਼ੀ ਕਮਾਂਦੇ ਕਮਾਂਦੇ ਮਨੁੱਖ ਦਾ ਭੀ ਇਹੀ ਹਾਲ ਹੁੰਦਾ ਹੈ ਕਿ ਕਮਾਏ ਧਨ ਦੇ ਮੋਹ ਕਾਰਨ ਉਸ ਧੰਨ ਨੂੰ ਜ਼ਿੰਦਗੀ ਦਾ ਸਹਾਰਾ ਸਮਝਣ ਲੱਗ ਜਾਂਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਆਖਦੇ ਹਨ ਕਿ ਲੋਭ-ਲਹਿਰ ਦੇ ਕਾਰਨ ਸਵੈਮਾਨ ਗੁਆ ਕੇ ਸੁਖ ਦੀ ਆਸ

ਵਿਚ ਮਨੁੱਖ ਕੁੱਤੇ ਵਾਂਗ ਦਰ ਦਰ ਤੇ ਦੁਰੇ ਦੁਰੇ ਕਰਾਂਦਾ ਹੈ:

**"ਸੁਖ ਕੈ ਹੇਤ ਬਹੁਤੁ ਦੁਖੁ ਪਾਵਤ, ਸੇਵ ਕਰਤ ਜਨ ਜਨ ਕੀ॥ ਦੁਆਰਹਿ ਦੁਆਰਿ ਸੁਆਨ ਜਿਉ ਡੋਲਤ, ਨਹ ਸੁਧਿ ਰਾਮ ਭਜਨ ਕੀ॥"** (ਅੰਕ 411)

ਧਿਰ ਧਿਰ ਅੱਗੇ ਤਰਲੇ ਮੁਕਾਣ ਲਈ ਤੇ ਲੋਭ-ਗ੍ਰਸੀ ਕੋਝੀ ਮਤ ਦੇ ਨਾਸ ਕਰਨ ਲਈ ਸਿਮਰਨ ਸਿਫ਼ਤ-ਸਲਾਹ ਹੀ ਇੱਕੋ ਇਕ ਦਾਰੂ ਹੈ। ਜਿਸ ਨੂੰ ਇਹ ਦਾਤਿ ਮਿਲਦੀ ਹੈ, ਉਹ ਪਾਤਿਸ਼ਾਹਾਂ ਦਾ ਪਾਤਸ਼ਾਹ ਬਣ ਜਾਂਦਾ ਹੈ। ਗੁਰੁ ਜੀ ਫ਼ੁਰਮਾਉਂਦੇ ਹਨ:

**"ਜਿਸ ਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਿਸਾਹੀ ਪਾਤਿਸਾਹ॥"** (ਅੰਕ 5)

ਸਿਮਰਨ ਦੀ ਬਰਕਤ ਨਾਲ ਜਿਸ ਮਨੁੱਖ ਦੀ ਸੁਰਤ ਉੱਚੇ ਆਤਮਕ ਹੁਲਾਰੇ ਵਿਚ ਆਉਂਦੀ ਹੈ, ਉਸ ਦੀ ਰੂਹ ਕਿਸੇ ਮਨੁੱਖ ਦੀ ਮੁਥਾਜੀ ਦਾ ਭਾਰ ਸਹਾਰ ਨਹੀਂ ਸਕਦੀ। ਉਸ ਦੇ ਅੰਦਰ ਮਾਇਆ ਦੀ ਭੁੱਖ ਨਹੀਂ ਰਹਿ ਜਾਂਦੀ। ਉਹ ਆਪਣੇ ਦਾਤਾਰ-ਪ੍ਰਭੂ ਨੂੰ ਹੀ ਆਖਦਾ ਹੈ- ਹੇ ਪ੍ਰਭੂ! ਮੇਰਾ ਮਨ ਤੇਰੀਆਂ ਬਖਸ਼ੀਆਂ ਦਾਤਾਂ ਨਾਲ ਰੱਜ ਗਿਆ ਹੈ, ਮੈਂ ਕਿਸੇ ਮਨੁੱਖ ਦੀ ਖੁਸ਼ਾਮਦ ਕਿਉਂ ਕਰਾਂ:

**"ਹਰਿ ਜੀਉ ਤੇਰੀ ਦਾਤੀ ਰਾਜਾ॥ ਮਾਣਸੁ ਬਪੁੜਾ ਕਿਆ ਸਾਲਾਹੀ, ਕਿਆ ਤਿਸ ਕਾ ਮੁਹਤਾਜਾ॥"** (ਅੰਕ 608)

**(ਸਿਮਰਨ ਤੋਂ ਪ੍ਰਾਪਤੀਆਂ ਭਾਗ 2 ਅਗਲੇ ਅੰਕ ਵਿਚ ਪੜਨ ਦੀ ਕ੍ਰਿਪਾ ਕਰੋ ਜੀ)**

******************************************

# ਪੰਚ ਸਬਦ (ਅਨਹਦ ਨਾਦ): ਭਾਗ 1

ਕਿਰਪਾਲ ਕੌਰ (ਨਿਆਗਰਾ ਫਾਲ, ਕੈਨੇਡਾ)

**ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ॥**

ਗੁਰਮੁਖ ਪਿਆਰਿਓ, ਮੈਂ ਆਪ ਸਭਨਾ ਨਾਲ ਗੁਰਮਤ ਦੇ ਪੰਚ ਸਬਦਾਂ ਬਾਰੇ ਵਿਚਾਰ ਸਾਂਝੇ ਕਰ ਰਹੀ ਹਾਂ, ਕਿ ਗੁਰਮਤ ਅਨੁਸਾਰ ਇਹ ਪੰਚ ਸਬਦ ਕੀ ਹਨ ਤੇ ਇਕ ਗੁਰਮੁਖ ਦੇ ਹਿਰਦੇ ਘਰ ਵਿਚ ਇਹ ਕਿਵੇਂ ਪਰਗਟ ਹੋ ਜਾਂਦੇ ਹਨ।

ਇਨ੍ਹਾਂ ਪੰਚ ਸਬਦਾਂ ਨੂੰ ਅਸੀਂ ਦੁਨਿਆਵੀ ਅਖਰਾਂ ਤੋਂ ਬਣੇ ਸ਼ਬਦਾਂ ਨਾਲ ਬਿਆਨ ਨਹੀਂ ਕਰ ਸਕਦੇ। ਪੰਚ ਸਬਦ ਇਕ ਸੱਚ ਹੈ ਜਾਂ ਕਹਿ ਲਵੋ ਕਿ ਉਹ ਅਕਾਲ ਪੁਰਖ ਦੀ ਆਪਣੀ ਬਾਣੀ ਹੈ, ਆਪਣੀ ਅਵਾਜ ਹੈ। ਸਤਿਗੁਰਾਂ ਦੇ ਮਹਾਂ ਵਾਕ (ਕੀਤਾ ਪਸਾਉ ਏਕੋ ਕਵਾਉ) ਅਨੁਸਾਰ, ਉਸ ਇਕ ਕਵਾਉ ਵਿਚ ਇਨ੍ਹਾਂ ਪੰਚ ਸਬਦਾਂ ਦੀ ਉਹ ਧੁਨਿ ਸਮਾਈ ਹੋਈ ਹੈ ਜਿਸ ਧੁਨ ਤੋਂ ਸਾਰੀ ਸ੍ਰਿਸਟੀ ਹੋਂਦ ਵਿਚ ਆਈ। ਫਿਰ ਉਹੀ ਧੁਨ ਪਰੀਪੂਰਨ ਹੋ ਕੇ ਸਾਰੇ ਪਾਸੇ ਸਮਾ ਗਈ ਤੇ ਕਣ ਕਣ ਵਿਚ ਚਲ ਰਹੀ ਹੈ ਜੀ। ਜਾਂ ਕਹਿ ਲਵੋ ਕਿ ਸੰਸਰ ਰੂਪੀ ਸਾਰਾ ਕ੍ਰਿਸ਼ਮਾਂ ਪੰਚ ਸਬਦ ਰੂਪੀ ਧੁਨ ਦੀ ਹੀ ਦੇਣ ਹੈ। ਸਤਿਗੁਰਾਂ ਦਾ ਫੁਰਮਾਣ ਹੈ:

**"ਉਤਪਤਿ ਪਰਲਉ ਸਬਦੇ ਹੋਵੈ॥ ਸਬਦੇ ਹੀ ਫਿਰਿ ਓਪਤਿ ਹੋਵੈ॥"** (ਪੰਨਾ 117)

ਸੋ ਸੰਗਤ ਜੀ, ਪੰਚ ਤੋਂ ਭਾਵ ਪੰਜ ਨਹੀਂ ਬਲਕਿ ਇਹ ਸਬਦ ਸ੍ਰੇਸ਼ਟ ਹਨ। ਪੰਚ ਸਬਦ ਉਹ ਪੰਜ ਸਬਦ ਵੀ ਨਹੀਂ ਜੋ ਬਜੰਤਰੀ ਵਾਜਿਆਂ ਦੀ ਧੁਨੀ ਤੋਂ ਪੈਦਾ ਹੁੰਦੇ ਹਨ। ਪੰਚ ਸਬਦ ਉਹ ਵਖਰੇ ਤੇ ਸ੍ਰੇਸ਼ਟ ਹਨ ਜੋ ਰੱਬੀ ਅਲੌਕਿਕ ਕੀਰਤਨੀ ਧੁਨੀਆਂ ਵਾਲੇ ਸਬਦ ਹਨ। ਗੁਰਮਤ ਵਿਚ ਇਹੀ ਅਨਹਦ ਸਬਦ ਪ੍ਰਵਾਨ ਹਨ। ਅਨਹਦ ਤੋਂ ਭਾਵ ਬਿਨਾਂ ਕਿਸੇ ਰੁਕਾਵਟ ਤੇ ਬਿਨਾਂ ਕਿਸੇ ਹੱਦ ਤੋਂ, ਇਕ ਰਸ ਨਿਰੰਤਰ ਚਲਦੇ ਹੋਣ। ਇਨ੍ਹਾਂ ਨੂੰ ਅਨਾਹਤ ਸਬਦ ਵੀ ਕਹਿੰਦੇ ਹਨ, ਕਿਉਂਕਿ ਇਹ ਬਿਨਾ ਕਿਸੇ ਦੋ ਪਦਾਰਥਾਂ ਦੇ ਆਪਸ ਵਿਚ ਟਕਰਾਉਂਣ ਤੋਂ, ਆਪ ਮੁਹਾਰੇ ਹੀ ਗੁਰਮੁਖ ਜਨ ਨੂੰ ਉਸ ਦੇ ਅੰਦਰੋਂ ਆਤਮ ਮੰਡਲ ਤੋਂ ਸੁਣਾਈ ਦਿੰਦੇ ਹਨ।

ਸਤਿਗੁਰ ਪਾਤਿਸ਼ਾਹ ਜੀ ਦੀ ਪਹਿਲੀ ਬਾਣੀ 'ਜਪੁ' ਸਾਹਿਬ ਅੰਦਰ ਦਰਸਾਏ ਪੰਜ ਖੰਡਾਂ ਵਿਚੋਂ ਜਦੋਂ ਕਰਮ ਖੰਡ ਦੀ ਅਵਸਥਾ ਤੇ ਪਹੁੰਚ ਕੇ ਗੁਰਮੁਖ ਤੇ ਪਰਮ-ਪਿਤਾ ਦੀ ਬਖਸਿਸ਼ ਹੋ ਜਾਂਦੀ ਹੈ ਤਾਂ ਸਚਖੰਡ ਦੇ ਦਰ ਤੇ ਉਸ ਮਰਜ਼ੀਵੜੇ ਦੇ ਅੰਦਰੋਂ ਅਚਿੰਤੇ ਹੀ ਪਰਗਟ ਹੋ ਜਾਂਦੇ ਹਨ ਜੀ। ਜੋ ਕਿ ਇਕ ਬਹੁਤ ਹੀ ਅਨੰਦਮਈ ਅਵਸਥਾ ਹੈ। ਜਿਨ੍ਹਾਂ ਸਬਦਾਂ ਦੀ ਗੁੰਜਾਰ ਅਣਗਿਣਤ ਦਿਬਯ ਕੀਰਤਨੀ ਧੁਨੀਆਂ ਵਾਲੀ ਹੈ, ਉਹੀ ਅਨਹਦ ਸਬਦ ਹਨ। ਫਿਰ ਭਲਾ ਉਹ ਪੰਜਾਂ ਦੀ ਗਿਣਤੀ ਵਿਚ ਕਿਵੇਂ ਆ ਸਕਦੀ ਹੈ।

ਇਹ ਪੰਚ ਸਬਦ, ਇਸ ਪੰਜ ਭੌਤਿਕ ਸਰੀਰ ਦੇ ਕੰਨਾਂ ਦਾ ਵਿਸ਼ਾ ਨਹੀਂ ਹੈ ਜੀ। ਜਿਵੇਂ ਸਰੀਰ ਦੇ ਗਿਆਂਨ ਇੰਦਰੇ ਹਨ, ਇਵੇਂ ਹੀ ਮਨ ਆਤਮਾ ਦੇ ਵੀ ਗਿਆਨ ਇੰਦਰੇ ਹਨ, ਜਿਨ੍ਹਾਂ ਨੂੰ ਅਸੀਂ ਰੱਬੀ (ਇਲਾਹੀ) ਗਿਆਨ ਇੰਦਰੇ ਕਹਿ ਸਕਦੇ ਹਾਂ। ਸੋ ਇਹ ਸਬਦ ਮਨ ਦੇ ਗਿਆਨ ਇੰਦਰੇ, ਦਿਬਯ (ਰੱਬੀ) ਕੰਨਾਂ ਨਾਲ ਸੁਣਦੇ ਹਨ, ਕਿਉਂਕਿ ਜੇ ਸਰੀਰਕ ਕੰਨਾਂ ਨੂੰ ਪੂਰੀ ਤਰ੍ਹਾਂ ਬੰਦ ਕਰ ਲਿਆ ਜਾਏ ਤਾਂ ਇਹ ਹੋਰ ਵੀ ਉਚੀ ਅਵਾਜ ਵਿਚ ਸਪਸ਼ਟ ਸੁਣਾਈ ਦਿੰਦੇ ਹਨ।

ਗੁਰਮਤ ਵਿਚ ਪੰਚ ਸਬਦੀਆ ਅਲੌਕਿਕ ਕੀਰਤਨ ਰੁਹਾਨੀ ਧੁਨੀਆਂ ਵਾਲੇ ਸਬਦ ਹੀ ਪੰਚ ਸਬਦ ਪ੍ਰਵਾਨ ਕੀਤੇ ਗਏ ਹਨ ਜੀ। ਪ੍ਰਮਾਤਮਾ ਦੇ ਨਾਮ ਦਾ ਅਦਭੁਤ ਰਸੀਲੜਾ ਕੀਰਤਨ ਨਾਦ, ਗਰੁਮੁਖ ਦੇ ਹਿਰਦੇ ਘਰ ਵਿਚ ਪ੍ਰਗਟ ਹੋ ਜਾਂਦਾ ਹੈ। ਰਾਗੁ ਰਾਮਕਲੀ ਵਿਚ ਪੰਜਵੇਂ ਪਾਤਸ਼ਾਹ ਦਾ ਫੁਰਮਾਣ ਹੈ:

**"ਪੰਚ ਸਬਦ ਤਹ ਪੂਰਨ ਨਾਦ॥ ਅਨਹਦ ਬਾਜੇ ਅਚਰਜ ਬਿਸਮਾਦ॥ ਕੇਲ ਕਰਹਿ ਸੰਤ ਹਰਿ ਲੋਗ॥ ਪਾਰਬ੍ਰਹਮ ਪੂਰਨ ਨਿਰਜੋਗ॥ ਸੂਖ ਸਹਜ ਆਨੰਦ ਭਵਨ॥ ਸਾਧਸੰਗਿ ਬੈਸਿ ਗੁਣ ਗਾਵਹਿ ਤਹ ਰੋਗ ਸੋਗ ਨਹੀ ਜਨਮ ਮਰਨ॥"** (ਪੰਨਾ 888)

ਉਚੀ ਅਵਸਥਾ ਵਾਲੇ ਗੁਰਮੁਖ ਮਰਜੀਵੜੇ, ਇਨ੍ਹਾਂ ਅਸਚਰਜ ਕੀਰਤਨੀ ਦਿਬਤਾ ਵਾਲੇ ਸ੍ਰੇਸ਼ਟ ਪੂਰਨ ਨਾਦ ਦੇ ਅਨਹਦ ਧੁੰਨ ਵਿਚ ਵਜ ਰਹੇ ਬਿਸਮਾਦ ਵਿਚ ਮਸਤ ਰਹਿੰਦੇ ਹਨ। ਇਹੀ ਇਨ੍ਹਾਂ ਦਾ ਸੁਖ ਸਹਿਜ ਅਨੰਦ ਭਵਨ ਹੈ, ਜਿਸ ਵਿਚ ਬੈਠ ਕੇ ਇਹ ਬਿਸਮਾਦੀ ਕੀਰਤਨ ਦਾ ਅਨੰਦ ਮਾਣਦੇ ਰਹਿੰਦੇ ਹਨ।

ਇਹ ਦਸਵੇਂ ਦੁਆਰ ਦੇ ਪਟ ਖੁਲ੍ਹਣ ਤੇ ਸੁਣਾਈ ਦਿੰਦੇ ਹਨ, ਜਿਨ੍ਹਾਂ ਨੂੰ ਜਗਿਆਸੂ ਜਨ ਇਸ ਮਾਤ ਲੋਕ ਵਿਚ ਵਿਚਰਦੇ ਵੀ ਸੁਣਦੇ ਹਨ, ਤੇ ਆਤਮ ਮੰਡਲ ਵਿਚ ਸੁਣਦੇ ਹਨ। ਜਦੋਂ ਇਹ ਕਿਸੇ ਗੁਰਮੁਖ ਦੇ ਅੰਦਰੋਂ ਪਰਗਟ ਹੋ ਜਾਣ ਤਾਂ ਫਿਰ ਸਦਾ ਲਈ ਹਰ ਸਮੇਂ ਚਲਦੇ ਹੀ ਰਹਿੰਦੇ ਹਨ। ਇਥੇ ਜਗਿਆਸੂ ਦੀ ਨਿਜੀ ਅਵਸਥਾ ਤੇ ਨਿਜੀ ਅਨੁਭਵ ਹੀ ਬਿਆਨਿਆਂ ਜਾ ਸਕਦਾ ਹੈ।

ਇਸ ਅਵਸਥਾ ਦਾ ਪੂਰੀ ਤਰਾਂ ਵਖਿਆਨ ਹੋ ਹੀ ਨਹੀਂ ਸਕਦਾ, ਕਿਉਂਕਿ ਉਸ ਅਨੁਭਵ ਨੂੰ ਬਿਆਨ ਕਰਨ ਲਈ ਕੋਈ ਦੁਨਿਆਵੀ ਸਬਦ ਹੈ ਹੀ ਨਹੀਂ। ਪਰ ਫਿਰ ਵੀ ਇਸ ਬਿਸਮਾਦੀ ਅਨੰਦ ਨੂੰ ਸਾਲਾਹੇ ਬਿਨਾਂ ਰਿਹਾ ਵੀ ਨਹੀਂ ਜਾਂਦਾ। ਇਹ ਦਸਮ ਦੁਆਰ ਤੇ ਅਪੜਿਆਂ, ਇਕ ਜਗਿਅਸੂ ਜਨ ਦੀ ਅਨੰਦੀ ਮੌਜ ਹੈ, ਜੋ ਉਹ ਆਪ ਸੁਣ ਤੇ ਮਾਣ ਸਕਦੇ ਹਨ ਪਰ ਦੂਜਿਆਂ ਨੂੰ ਕੋਲ ਬਿਠਾ ਕੇ ਵੀ ਸੁਣਾ ਨਹੀਂ ਸਕਦੇ। ਸੋ ਆਪਣੀ ਨਿੱਜ ਦੀ ਅਵਸਥਾ ਬਣਨ ਤੋਂ ਬਗੈਰ ਕਿਸੇ ਨੂੰ ਕੁਝ ਵੀ ਅਹਿਸਾਸ ਨਹੀਂ ਹੋ ਸਕਦਾ। ਇਸ ਅਵਸਥਾ ਬਾਰੇ ਭਗਤ ਕਬੀਰ ਜੀ ਫੁਰਮਾਉਂਦੇ ਹਨ:

**"ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ॥ ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥"** (ਪੰਨਾ 1370)

ਗੁਰੂ ਪਿਆਰਿਓ ਇਹ ਮਾਣਸ ਦੇਹ ਪ੍ਰਮਾਤਮਾ ਨੇ ਅਜਿਹੀ ਗੁਫਾ ਬਣਾਈ ਹੈ, ਜਿਥੇ ਬਹਿ ਕੇ ਸਬਦ ਸੁਰਤ ਦੀ ਲਿਵਤਾਰੀ ਨਾਲ ਅਨਹਦੀ ਸਬਦ ਕੀਰਤਨ ਦੀ ਧੁਨੀ ਜਾਗ ਉਠਦੀ ਹੈ। ਜਗਿਆਸੂ ਦੇ ਦੇਹ ਰੂਪੀ ਘਰ ਵਿਚ ਹੀ ਸਤਿਗੁਰੂ ਉਸ ਨੂੰ ਸੱਚਾ ਘਰ ਦਿਖਾ ਦਿੰਦਾ ਹੈ। ਗੁਰਸਿਖ ਦੀ ਇਹ ਅਵਸਥਾ ਥਿਰ ਘਰ ਦੀ ਅਵਸਥਾ ਬਣ ਜਾਂਦੀ ਹੈ, ਜਿਸ ਦਾ ਕੋਈ ਪਾਰਾਵਾਰ ਨਹੀਂ ਪਾ ਸਕਦਾ। ਫਿਰ ਜੋ ਵੀ ਉਹ ਕਰਦਾ ਹੈ, ਅਕਾਲ ਪੁਰਖ ਦੇ ਹੁਕਮ ਅੰਦਰ ਹੀ ਕਰਦਾ ਹੈ। ਇਸੇ ਕਰਕੇ ਅਜੇਹੇ ਲਿਵਤਾਰੀਆਂ ਦੀ ਲਿਵ ਤੇ ਧਿਆਨ ਦ੍ਰਿਸਟੀ ਉਸ ਪਾਸੇ ਤੋਂ ਹੋਰ ਪਾਸੇ ਝਮਕਦੀ ਹੀ ਨਹੀਂ। ਅਜਿਹੀ ਅਵਸਥਾ ਲਿਵਤਾਰੀ ਖੁਦ ਵੀ ਬਿਆਨ ਨਹੀਂ ਕਰ ਸਕਦਾ। ਸਿਰਫ ਅਨੰਦ ਮਾਣ ਸਕਦਾ ਹੈ। ਮੋਹ ਮਾਇਆ ਦਾ ਜਾਲ, ਕਿਸੇ ਤਰਾਂ ਦਾ ਡਰ ਤੇ ਭਰਮ ਭੁਲੇਖਿਆਂ ਦਾ ਨਾਮ ਨਿਸ਼ਾਨ ਵੀ ਨਹੀਂ ਰਹਿੰਦਾ। ਲੋਭ ਲਾਲਸਾ ਦੀ ਰਤੀ ਭਰ ਵੀ ਗੁੰਜਾਇਸ਼ ਨਹੀਂ ਬਚਦੀ। ਉਸ ਦੇ ਜੀਵਨ ਦੀ ਸਾਰੀ ਭਟਕਣਾਂ ਸਦਾ ਲਈ ਖਤਮ ਹੋ ਜਾਂਦੀ ਹੈ। ਮਨ ਦੇ ਵਿਕਾਰੀ ਫੁਰਨਿਆਂ ਤੋਂ ਛੁਟਕਾਰਾ ਪਾ ਕੇ ਉਹ ਗੁਰਮੁਖ ਅਫੁਰ ਅਵਸਥਾ ਦੀ ਪ੍ਰਾਪਤੀ ਨਾਲ ਸਿਰਫ ਇਕ ਪਰਮ-ਪਿਤਾ ਪ੍ਰਮੇਸਰ ਵਿਚ ਹੀ ਲਿਵਲੀਨ ਰਹਿੰਦਾ ਹੈ। ਸਚਖੰਡ ਦੀ ਹਾਜਰਾ-ਹਜੂਰੀ ਵਿਚ ਨਿਰੰਕਾਰ ਦੇ ਨੇੜੇ ਵਸਦੇ ਭਗਤ ਜਨਾਂ ਦਾ ਸਦਾ ਲਈ ਇਹ ਨਿਹਚਲ ਆਸਣ ਹੋ ਜਾਂਦਾ ਹੈ। ਫਿਰ ਉਨ੍ਹਾਂ ਦਾ ਇਹ ਆਸਣ ਕਦੇ ਵੀ ਨਿਸਚਲਤਾ ਤੋਂ ਚਲਾਇਮਾਨ ਹੋ ਕੇ ਡੋਲਦਾ ਨਹੀਂ। ਜੀਵਨ ਮੁਕਤ ਗੁਰਮੁਖਾਂ ਦਾ ਇਹੀ ਸਚਖੰਡੀ ਅਨਹਦ ਮੁਕਤ ਦੁਆਰ ਕਹਿਲਾਉਂਦਾ ਹੈ ਜੀ।

ਪਰਲੋਕ ਦੀ ਸੋਝੀ ਵਾਲੇ ਇਨ੍ਹਾਂ ਗੁਰਮੁਖ ਜਨਾਂ ਦੇ ਰੋਗ, ਸੋਗ ਤੇ ਜਨਮ ਮਰਨ ਨੇੜੇ ਨਹੀਂ ਆਉਂਦੇ। ਗੁਰਮੁਖ ਦੀ ਇਹੀ ਅਵਸਥਾ ਸੰਤਿ ਅਵਸਥਾ ਹੁੰਦੀ ਹੈ, ਜੋ ਕਿਸੇ ਭਾਗਾਂ ਵਾਲੇ ਨੂੰ ਹੀ ਨਸੀਬ ਹੁੰਦੀ ਹੈ। ਇਸ ਸਭ ਕੁਝ ਦੀ ਸੋਝੀ

ਸਤਿਗੁਰ ਨਾਨਕ ਜੀ ਆਪਣੀ ਬਾਣੀ ਰਾਹੀਂ ਸਮਝਾ ਰਹੇ ਹਨ:

**"ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥ ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥ ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥ ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥ ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ॥ ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ॥"** (ਪੰਨਾ 1291)

ਸੋ ਗੁਰਮੁਖ ਪਿਆਰਿਓ ਪ੍ਰਮਾਤਮਾ ਦੀ ਸਿਫਤ-ਸਾਲਾਹਿ ਦੀ ਕੀਰਤੀ ਹੀ ਭਗਤ ਜਨਾਂ ਦਾ ਆਹਾਰ ਬਣ ਜਾਂਦੀ ਹੈ। ਉਹ ਇਸ ਸੰਸਾਰ ਵਿਚ ਵਿਚਰਦਿਆਂ ਵੀ ਬੇਗਮਪੁਰੇ (ਸਚਖੰਡ) ਦੇ ਵਾਸੀ ਬਣੇ ਰਹਿੰਦੇ ਹਨ। ਉਨ੍ਹਾਂ ਦੇ ਅੰਦਰੋਂ ਸੰਸਾਰੀ ਖਿਚ ਖਤਮ ਹੋਣ ਕਰਕੇ, ਬਿਰਤੀ ਨਿਰਭਉ ਪ੍ਰਭੂ ਨਾਲ ਜੁੜੀ ਰਹਿੰਦੀ ਹੈ ਤੇ ਉਹ ਅਨਹਦ ਧੁਨੀਆਂ ਵਿਚ ਮਸਤ ਹੋ ਕੇ ਆਤਮਰਸ ਦਾ ਅਨੰਦ ਮਾਣਦੇ ਰਹਿੰਦੇ ਹਨ। ਇਹ ਸਭ ਉਨ੍ਹਾਂ ਦੇ ਗੁਰਮਤੀ ਨਾਮ ਸਿਮਰਨ ਤੇ ਸਬਦ ਸੁਰਤ ਦੀ ਅਟੁਟ ਕਮਾਈ ਦਾ ਹੀ ਫਲ ਹੈ ਜੀ।

ਇਸ ਅਵਸਥਾ ਵਿਚ ਕੇਵਲ ਨਾਮ ਦਾ ਹੀ ਸਿਮਰਨ ਇਕ ਰਸ ਨਿਰੰਤਰ ਅਨਹਦ ਧੁਨੀ ਵਿਚ ਹੁੰਦਾ ਰਹਿੰਦਾ ਹੈ। ਅਜਿਹੇ ਸਿਮਰਨ ਤੋਂ ਬਿਨਾ ਮੁਕਤ ਪਦਵੀ ਪ੍ਰਾਪਤ ਨਹੀਂ ਹੋ ਸਕਦੀ। ਪਰ ਇਸ ਅਦਭੁਤ ਬਿਸਰਾਮ ਵਾਲੀ ਅਵਸਥਾ ਨੂੰ ਵਿਰਲੇ ਮੋਹ ਮਾਇਆ ਨਿਰਲੇਪ ਗੁਰਮੁਖ ਜਨ ਹੀ ਪ੍ਰਾਪਤ ਕਰਦੇ ਹਨ, ਜਿਨ੍ਹਾਂ ਦੇ ਆਤਮ ਮੰਡਲ ਵਿਚ ਅਨਹਦ ਧੁਨੀ ਦੇ ਵਾਜੇ ਹਰ ਸਮੇਂ ਵਜਦੇ ਰਹਿੰਦੇ ਹਨ। ਇਸ ਕਰਕੇ ਸਾਨੂੰ ਅਜਿਹਾ ਸਿਮਰਨ ਸਵਾਸ ਸਵਾਸ, ਹਰ ਸਮੇਂ ਆਪਣੇ ਮਨ ਰਾਹੀਂ ਅੰਤਰਮੁਖੀ ਕਰਦੇ ਰਹਿਣਾਂ ਚਾਹੀਦਾ ਹੈ ਜੀ। ਭਗਤ ਕਬੀਰ ਜੀ ਫੁਰਮਾ ਰਹੇ ਹਨ:

**"ਜਿਹ ਸਿਮਰਨਿ ਹੋਇ ਮੁਕਤਿ ਦੁਆਰੁ॥ ਜਾਹਿ ਬੈਕੁੰਠਿ ਨਹੀ ਸੰਸਾਰਿ॥ ਨਿਰਭਉ ਕੈ ਘਰਿ ਬਜਾਵਹਿ ਤੂਰ॥ ਅਨਹਦ ਬਜਹਿ ਸਦਾ ਭਰਪੂਰ॥ ਐਸਾ ਸਿਮਰਨੁ ਕਰਿ ਮਨ ਮਾਹਿ॥ ਬਿਨੁ ਸਿਮਰਨ ਮੁਕਤਿ ਕਤ ਨਾਹਿ॥"** (ਪੰਨਾ 971)

**(ਇਸ ਵਿਸ਼ੇ ਤੇ ਹੋਰ ਵਿਚਾਰ ਅਗਲੇ ਅੰਕ ਵਿਚ ਪੜ੍ਹਨ ਦੀ ਕਿਰਪਾ ਕਰਨੀ ਜੀ)**

********************************

## ਗੁਰੂ ਹਰਿ ਰਾਏ ਸਹਿਬ – ਬਖਸ਼ਾਂ: ਭਾਗ 1

ਕਾਬਲ ਸਿੰਘ (ਐਡਮਿੰਟਨ, ਕੈਨੇਡਾ)

ਗੁਰੂ ਹਰਿ ਰਾਏ ਸਾਹਿਬ ਨੇ ਸਿੱਖਾਂ ਨੂੰ ਚੁਣ, ਸਵਾਰ, ਯੋਗ ਬਣਾਂ ਕੇ ਗੁਰਮਤ ਪ੍ਰਚਾਰ ਦੇ ਕਾਰਜ ਲਗਾਇਆ। ਇਨ੍ਹਾਂ ਸਿੱਖਾਂ ਨੇ ਬਹੁਤ ਥਾਵਾਂ ਤੇ ਗੁਰਮਤ ਪ੍ਰਚਾਰ ਲਈ ਅਸਥਾਨ ਜਾਂ ਗੁਰਦੁਆਰੇ ਸਥਾਪਤ ਕੀਤੇ, ਜਿਹੜੇ ਲੰਗਰ ਤੇ ਵਿੱਦਿਆ ਦੇ ਕੇਂਦਰ ਬਣੇ। ਗੁਰੂ ਸਾਹਿਬ ਵਲੋਂ ਬਖਸ਼ ਮਿਲਣ ਕਰਕੇ ਇਹ ਅਸਥਾਨ ਬਖਸ਼ਾਂ ਦੇ ਨਾਮ ਨਾਲ ਜਾਣੇ ਜਾਣ ਲਗੇ। ਇਹ ਲੇਖ ਬਖਸ਼ਾਂ ਨਾਲ ਸਬੰਧਤ ਜਾਣਕਾਰੀ ਸਾਂਝੀ ਕਰਨ ਦੀ ਨਿਮਾਣੀ ਕੋਸ਼ਿਸ਼ ਹੈ।

**ਬਖਸ਼ ਸੰਗਤਿ ਸਾਹਬਿ:** ਬਿਆਸ ਤੇ ਰਾਵੀ ਦਰਿਆਵਾਂ ਵਿਚਕਾਰਲੇ ਇਲਾਕੇ ਦੇ ਪਿੰਡ ਅੰਬਮਾੜੀ, ਪਰਗਨਾ ਮੀਏਂ ਕੇ ਮੋੜ, ਤਹਿਸੀਲ ਚੂਨੀਆਂ, ਜ਼ਿਲ੍ਹਾ ਲਹੌਰ ਵਿਚ ਸੰਨ 1640 ਨੂੰ ਜਨਮੇ ਬਾਲਕ ਦਾ ਨਾਂਮ ਸੰਗਤਿ ਰਖਿਆ ਗਿਆ। ਛੋਟੀ ਉਮਰ ਵਿਚ ਫੇਰੀ ਲਗਾ ਕੇ ਸਮਾਨ ਵੇਚਣ ਲੱਗਾ। ਗੁਰੂ ਹਰਿ ਰਾਏ ਜੀ ਦੀ ਸੋਭਾ ਸੁਣ ਕੇ ਕੀਰਤਪੁਰ ਆ ਗਿਆ। ਫੇਰੀ ਬਾਅਦ ਲੰਗਰ ਦੀ ਸੇਵਾ ਵਿਚ ਜੁਟ ਜਾਂਦਾ।

ਭਾਈ ਭਗਤੂ ਜੀ ਵਾਢੀਆਂ ਕਰਵਾ ਰਹੇ ਸਨ ਕਿ ਕਾਮਿਆਂ ਨੇ ਕਿਹਾ, "ਭਾਈ ਸਾਹਿਬ ਸਾਡੀ ਮਿਹਨਤ ਵਲ ਦੇਖੋ ਤੁਸੀਂ ਪਰਸ਼ਾਦੇ ਤੇ ਲੈ ਆਏ ਹੋ, ਇਤਨਾ ਥੋੜ੍ਹਾ ਘਿਓ, ਮਿਹਨਤ ਮੁਸ਼ੱਕਤ ਅਸੀਂ ਦਿਲ ਲਗਾ ਕੇ ਕਰਦੇ ਹਾਂ, ਖਵਾਓ ਵੀ ਚੰਗਾ ਪਰ ਚੋਖਾ।"

ਉਸ ਵੇਲੇ ਭਾਈ ਸੰਗਤਿ ਜੀ ਉਧਰੋਂ ਲੰਘ ਰਹੇ ਸਨ। ਭਾਈ ਭਗਤੂ ਜੀ ਨੇ ਹਰ ਕਾਮੇ ਨੂੰ ਇਕ-ਇਕ ਪਲੀ ਘਿਓ ਦਿਲਵਾਇਆ ਤੇ ਕਿਹਾ ਕਿ ਦਾਮ ਗੁਰੂ ਖਜਾਨਿਓ ਲੈ ਜਾਣੈ। ਅਗਲੀ ਸਵੇਰ ਭਾਈ ਸੰਗਤਿ ਜੀ ਫੇਰੀ ਲਈ ਚਲਣ ਲਗੇ ਤਾਂ ਹੈਰਾਨ ਹੋਏ ਕਿ ਕੁੱਪੇ ਵਿਚ ਘਿਓ ਇਕ ਰੱਤੀ ਭਰ ਨਹੀਂ ਘਟਿਆ। ਉਹ ਭਾਈ ਭਗਤੂ ਜੀ ਪਾਸ ਪੁੱਜੇ ਤੇ ਕਿਹਾ ਕਿ ਮੈਨੂੰ ਬਰਕਤਾਂ ਦੇ ਦਾਤੇ ਪਾਸ ਲੈ ਚਲੋ। ਭਾਈ ਭਗਤੂ ਜੀ ਨਾਲ ਲੈ ਆਏ ਤੇ ਗੁਰੂ ਸਾਹਿਬ ਪਾਸ ਬੇਨਤੀ ਕੀਤੀ ਕਿ ਸੇਵਾ ਤਾਂ ਇਹ ਚਿਰਾਂ ਦੀ ਕਰ ਰਿਹਾ ਹੈ ਪਰ ਹੁਣ ਸ਼ਰਧਾ ਧਾਰ ਆਇਆ ਹੈ।

ਗੁਰੂ ਸਹਿਬ ਨੇ ਕ੍ਰਿਪਾ ਦ੍ਰਿਸ਼ਟੀ ਕੀਤੀ ਤੇ ਕਿਹਾ ਕਿ ਫੇਰੀ ਲਗਾਉਂਦਿਆ ਤੈਨੂੰ ਦਾਤ ਮਿਲੀ ਹੈ, "**ਤੂੰ ਅਸਾਡਾ ਫੇਰੂ ਸਿੱਖ**" ਹੈਂ:

**"ਅਬ ਸਭਿ ਤਜ ਕਰ ਦੇਗ ਚਲਾਵਹੁ।**
**ਸਤਿਨਾਮ ਸਿਮਰਹੁ ਗੁਨ ਗਾਵਹੁ।"**

ਸਤਿਗੁਰੂ ਦੀ ਮਰਜੀ ਅਨੁਸਾਰ ਲੰਗਰ ਚਲਾਇਆ। ਇਕ ਦਿਨ ਵਰਤਾਵਿਆਂ ਨੇ ਇਕ ਪੰਗਤ ਨੂੰ ਮਿੱਸੇ ਪ੍ਰਸ਼ਾਦੇ ਤੇ ਦੂਜੀ ਪੰਗਤ ਨੂੰ ਪਰਾਉਂਠੇ ਵਰਤਾ ਦਿਤੇ। ਸੰਗਤ ਵਿਚੋਂ ਇਕ ਨੇ ਕਹਿ ਦਿੱਤਾ:

**"ਫੇਰੂ ਤੂੰ ਲੰਗਰ ਕਾਣਾ ਕੀਤਾ।"**

ਭਾਈ ਸੰਗਤਿ ਨੇ ਹੱਥ ਜੋੜ ਕਿਹਾ, "ਭੁਲ ਹੋਈ ਹੈ।"

**"ਮਮ ਏਕ ਆਂਖ ਕਾਣੀ ਕਰੋ, ਗੁਰੂ ਲੰਗਰ ਰਖੋ ਬਹਾਲ।"**

ਉਨ੍ਹਾਂ ਦੀ ਇਕ ਅੱਖ ਜਾਂਦੀ ਰਹੀ, ਪਰ ਲੰਗਰ ਨੂੰ ਆਂਚ ਨਾ ਅਉਣ ਦਿਤੀ। ਗੁਰੂ ਸਾਹਿਬ ਨੇ ਵਾਰਤਾ ਸੁਣੀ ਤਾਂ ਹੋਰ ਬਖਸ਼ਸ਼ ਕਰ ਕੇ ਨਿਹਾਲ ਕੀਤਾ। ਗੁਰਬਾਣੀ ਦੀ ਪੋਥੀ, ਮਾਲਾ ਤੇ ਮਜੀਠੀ ਚੋਲਾ ਬਖਸ਼ਿਆ ਅਤੇ ਨਕੇ ਦੇਸ਼ ਸਿੱਖੀ ਪਰਚਾਰ ਕਰਨ ਦਾ ਹੁਕਮ ਕੀਤਾ ਤੇ ਕਿਹਾ ਕਿ ਹੱਥ ਤੇਰਾ ਤੇ ਖੀਸਾ ਮੇਰਾ ਹੈ, ਨਿਸ਼ੰਗ ਹੋ ਕੇ ਵਰਤੋ।

ਭਾਈ ਜੀ ਨੇ ਮੀਏ ਕੇ ਮੋੜ ਦੀ ਜੂਹ ਆਸਣ ਲਾ ਲਏ ਤੇ ਨਾਮ ਦਾਨ ਤੇ ਖਾਣ ਪਾਣ ਦਾ ਅਤੁਟ ਲੰਗਰ ਲਗਾ ਦਿਤਾ।

ਦਸ਼ਮੇਸ਼ ਪਿਤਾ ਨੇ ਜਦ ਮਸੰਦ ਪ੍ਰਥਾ ਬੰਦ ਕਰਨ ਦਾ ਐਲਾਨ ਕੀਤਾ ਤਾਂ ਕਿਸੇ ਨੇ ਸ਼ਕਾਇਤ ਕੀਤੀ ਕਿ ਨੱਕੇ ਦੇਸ਼ ਦਾ ਫੇਰੂ ਨਹੀਂ ਆਇਆ। ਫੇਰੂ ਦੇ ਨਾਂਮ ਵੀ ਹੁਕਮਨਾਮਾ ਭੇਜਿਆ ਕਿ ਮੁਸ਼ਕਾਂ ਬੰਨ੍ਹ ਕੇ ਪੇਸ਼ ਕਰੋ। ਹੁਕਮਨਾਮੇ ਵਾਲੇ ਸਿੱਖ ਭਾਈ

ਫੇਰੂ ਦੇ ਅਸਥਾਨ ਦੀ ਜੁਗਤ ਵੇਖ ਚੁਪ ਕਰ ਗਏ। ਭਾਈ ਸਾਹਿਬ ਹੱਥੀਂ ਸੇਵਾ ਵਿਚ ਜੁਟੇ ਰਹਿੰਦੇ ਸਨ।

ਹੁਕਮਨਾਮਾ ਸੁਣ ਕੇ ਉਸੇ ਵੇਲੇ ਚਲ ਪਏ ਤੇ ਆਪ ਮੁਸ਼ਕਾਂ ਕੱਸਣ ਲਈ ਕਿਹਾ। ਸਿੱਖਾਂ ਕਿਹਾ ਕਿ ਅਨੂਦਪੁਰ ਸਾਹਿਬ ਲਾਗੇ ਜਾ ਕੇ ਕੱਸ ਲਵਾਂਗੇ। ਪਰ ਭਾਈ ਸਾਹਿਬ ਨੇ ਕਹਿਆ ਸਾਰੀ ਜਿੰਦਗੀ ਗੁਰੂ ਹੁਕਮ ਅਨੁਸਾਰ ਗੁਜਾਰੀ ਹੈ, ਹੁਣ ਹੁਕਮ ਅਦੂਲੀ ਨ ਕਰੋ ਤੇ ਮੇਰਾ ਬਿਲਕੁਲ ਫਿਕਰ ਨ ਕਰੋ। ਦਸ਼ਮੇਸ਼ ਪਿਤਾ ਸਾਹਮਣੇ ਬੱਧੇ ਹੋਏ ਪਹੁੰਚੇ। ਪਤਾ ਲੱਗਾ ਕਿ ਇਸ ਨੇ ਨਿਜ ਲਈ ਕਦੇ ਕੁਝ ਨਹੀ ਰਖਿਆ। ਕਲਗੀਧਰ ਜੀ ਨੇ ਫਰਮਾਇਆ:

**"ਭਾਈ ਫੇਰੂ ਤੇਰੀ ਸੁੱਚੀ ਦਾਹੜੀ।**
**ਭਾਈ ਫੇਰੂ ਤੇਰੀ ਸੇਵਾ ਗਾਹੜੀ।**
**ਭਾਈ ਫੇਰੂ ਤੇਰੀ ਕਰਣੀ ਸਾਰੀ।**
**ਭਾਈ ਫੇਰੂ ਜਗ ਤੁਲਹਾ ਭਾਰੀ।**
**ਭਾਈ ਫੇਰੂ ਤੇਰੇ ਤੋਂ ਸਤਿਗੁਰ ਬਲਿਹਾਰੀ।"**

ਗੁਰੂ ਹਰਿ ਰਾਇ ਸਾਹਿਬ ਦਾ ਹੁਕਮ ਸੀ ਕਿ ਜੇਬ ਉਨ੍ਹਾਂ ਦੀ, ਹੱਥ ਭਾਈ ਸਾਹਿਬ ਦਾ। ਦਸ਼ਮੇਸ਼ ਪਿਤਾ ਦਾ ਫੁਰਮਾਨ ਹੋਇਆ ਕਿ ਹੁਣ ਜੇਬ ਵੀ ਇਨ੍ਹਾਂ ਦੀ ਤੇ ਹੱਥ ਵੀ ਇਨ੍ਹਾਂ ਦਾ:

**"ਸ੍ਰੀ ਹਰਿ ਰਾਇ ਕਹਯੋ ਤਿਸ ਬੇਰਾ,**
**ਮੰਮ ਖੀਸਾ ਖਰਚੋ ਕਰ ਤੇਰਾ।**
**ਅਬ ਤੋਂ ਖੀਸਾ ਭੀ ਹੁਇ ਤੋਰ।**
**ਕਰਹੁ ਦੇਗ ਸਤਿ ਸੰਗਤਿ ਹੋਰ।"**

ਭਾਈ ਸੰਗਤਿ ਜੀ ਨੇ ਹੱਥ ਜੋੜ ਕਿਹਾ:

**"ਇਹ ਹੀ ਬਖਸ਼ਸ਼ ਕਰੋ ਕਿ ਖੀਸਾ ਵੀ ਤੁਹਾਡਾ ਤੇ ਹੱਥ ਵੀ ਤੁਹਾਡਾ ਹੀ ਰਹੇ।"**

ਦਸ਼ਮੇਸ਼ ਪਿਤਾ ਨੇ "**ਸੰਗਤਿ ਸਾਹਿਬ**" ਦਾ ਖਿਤਾਬ ਦਿੱਤਾ, ਆਪਣੀਂ ਦਸਤਾਰ ਨਾਲੋਂ ਅੱਧੀ ਦਸਤਾਰ ਬਖਸ਼ੀ ਬਖਸ਼ੀ। ਕੁਝ ਦਿਨ ਉੱਥੇ ਰਹਿ ਕੇ ਸੇਵਾ ਕੀਤੀ ਤੇ ਫਿਰ ਨੱਕੇ ਦੇਸ਼ ਚਲੇ ਗਏ। ਸੰਨ 1706 ਨੂੰ ਗੁਰਪੁਰੀ ਸਿਧਾਰ ਗਏ।

ਭਾਈ ਸੰਗਤਿ ਜੀ ਉਚੇ ਵਿਦਵਾਨ ਤੇ ਕਵੀ ਵੀ ਸਨ। ਉਨ੍ਹਾਂ ਦੀਆਂ ਓਚਾਰੀਆਂ ਪੰਗਤੀਆਂ ਵਿਚੋਂ ਪ੍ਰੇਮ, ਸ਼ਰਧਾ, ਸਿਦਕ ਤੇ ਸੇਵਾ ਡਲ੍ਹਕਾਂ ਮਾਰਦਾ ਹੈ:

**"ਤੈ ਜੇਹਾ ਸਾਨੂੰ ਹੋਰ ਨ ਕੋਈ, ਅਸੀਂ ਢੂੰਡੀਲ ਵਣੀ ਵਣੀ।**
**ਫੇਰੂ ਜਾਣ ਸਜਨ ਤੋਂ ਵਾਰੀ, ਤਾਂ ਤੇ ਭਲੀ ਬਣੀ।"**

**"ਨੇਹੁੰ ਲਗਾ, ਲਗਿ ਟੁਟਦਾ ਨਾਹੀ,**
**ਸ਼ਹੁ ਬਾਝਹੁੰ ਗਲਾਂ ਊਣੀਆਂ।**
**ਫੇਰੂ, ਜਿਉਂਦਿਆਂ ਨਿਹੁ ਵਿਸਰੈ ਨਾਹੀ,**
**ਮੁਇਆਂ ਵੀ ਭੀ ਦੂਣ ਚਉਣੀਆ।"**

ਇਸ ਬਖਸ਼ ਦੀ ਸੰਭਾਲ ਭਾਈ ਸੰਗਤਿ ਤੋਂ ਬਾਅਦ ਭਾਈ ਨਾਰਾਇਣ ਦਾਸ, ਭਾਈ ਹੀਰਾ ਲਾਲ ਤੇ ਨਰਪਿਤ ਰਾਇ ਜੀ ਨੇ ਸੰਭਾਲੀ। ਇਸੇ ਹੀ ਬਖਸ਼ ਵਿਚੋਂ ਭਾਈ ਰਾਜਾ ਰਾਮ ਜੀ ਨੇ ਸਿਆਲਕੋਟ ਵਲ ਬਹੁਤ ਪਰਚਾਰ ਕੀਤਾ। ਅੰਮ੍ਰਿਤਸਰ ਤੇ ਜੰਡਿਆਲਾ ਵਿਚ ਵੀ ਇਸ ਬਖਸ਼ ਵਲੋਂ ਬਹੁਤ ਪਰਚਾਰ ਹੋਇਆ।

ਇਸੇ ਬਖਸ਼ ਦੇ ਭਾਈ ਸੰਤੋਖ ਦਾਸ ਜੀ ਨੇ ਉਗਰਾਹੀ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਨੂੰ ਸਵੱਛ ਜਲ ਪਹੁੰਚਾਉਣ ਲਈ ਰਾਵੀ ਦਰਿਆ ਤੋਂ ਹੰਸਲੀ ਬਣਵਾਈ। ਇਸ ਬਖਸ਼ ਦੇ ਅਸਥਾਨ ਗੂਹਲਾ (ਕੁਰੂਕਸ਼ੇਤਰ), ਬੁਟਰ ਤੇ ਗਹਰੀ (ਬਠਿੰਡਾ), ਨਾਭਾ ਸ਼ਹਿਰ, ਚੂਹੜਕਾਣਾ, ਕੇਰ ਸਾਹਿਬ (ਗੁਜਰਾਤ), ਰਸ਼ੀਦਪੁਰ (ਝੰਗ), ਮੁਲਤਾਨ ਸ਼ਹਿਰ, ਜੋਹੀ (ਲੜਕਾਣਾ ਸਿੰਧ), ਕਾਸ਼ੀ ਅਤੇ ਪਟਨਾ ਵਿਚ ਹਨ।

**ਬਖਸ਼ ਭਗਤਿ ਭਗਵਾਨ**: ਉਤਕਲ ਬ੍ਰਾਹਮਣ ਗਿਰਿ ਜੀ ਦਾ ਜਨਮ ਬੋਧ ਗਯਾ ਵਿਚ ਹੋਇਆ। ਸਾਧਨਾ ਕਰ ਕੇ ਸਾਧੂਆਂ ਦੀ ਮੰਡਲੀ ਬਣਾ ਥਾਂ-ਥਾਂ ਘੁਮਦੇ। ਨਾਮ ਭਗਤ ਗਿਰਿ ਤੇ ਬਾਅਦ ਵਿਚ ਭਗਵਾਨ ਗਿਰਿ ਪੈ ਗਿਆ।

ਜਾਣਕਾਰੀ ਮਿਲੀ ਕਿ ਪੰਚਾਲ ਦੇਸ਼ (ਸਤਲੁਜ ਤੇ ਜਮਨਾ ਵਿਚਕਾਰਲਾ ਇਲਾਕਾ) ਵਿਚ ਗੁਰੂ ਹਰਿ ਰਾਏ ਸਾਹਿਬ ਅਗਿਆਨੀ ਲੋਕਾਂ ਤੇ ਰਹਿਮਤਾਂ ਕਰ ਰਹੇ ਹਨ। ਜਿਸ ਤੇ ਕ੍ਰਿਪਾ

ਦ੍ਰਿਸ਼ਟੀ ਹੁੰਦੀ ਹੈ, ਉਹ ਬੂੰਦ ਵਾਂਗ ਢੁਲ-ਢੁਲ ਕੇ ਗੁਰ ਸਾਗਰ ਵਿਚ ਘੁਲ ਮਿਲ ਜਾਂਦਾ ਹੈ।

ਭਗਵਾਨ ਗਿਰਿ ਮਨ ਵਿਚ ਧਾਰ ਕੇ ਆਇਆ ਜੇ ਇਤਨੇ ਕਲਾਵਾਨ ਹਨ ਤਾਂ ਮੈਨੂੰ ਚਤੁਰਭੁਜ ਦੇ ਰੂਪ ਵਿਚ ਦਰਸ਼ਨ ਦੇਣ। ਐਸਾ ਹੀ ਹੋਇਆ, ਦਰਸ਼ਨ ਕਰ ਸੁਧ ਬੁਧ ਭੁੱਲ ਗਈ। ਹੋਸ਼ ਆਈ ਤਾਂ ਦੀਖਿਆ ਮੰਗੀ। ਗੁਰੂ ਜੀ ਨੇ ਕਿਹਾ ਕਿ ਜਿਸ ਦੇ ਦਰਸ਼ਨ ਦੀ ਸੱਧਰ ਲੈ ਕੇ ਆਏ ਹੋ, ਉਹ ਪੂਰੀ ਹੋਈ। ਹੁਣ ਤੁਸੀਂ ਬਾਬਾ ਮੇਹਰ ਚੰਦ (ਬਾਬਾ ਸ੍ਰੀ ਚੰਦ ਦੇ ਪੜੋਤੇ) ਪਾਸ ਜਾਓ, ਕਿਉਂਕਿ ਭਗਵਾਨ ਗਿਰਿ ਭੇਖ ਲੈਣਾਂ ਤੇ ਸਾਥੀ ਸਾਧੂਆਂ ਨੂੰ ਨਾਲ ਰੱਖਣਾਂ ਚਾਹੁੰਦਾ ਸੀ; ਅਤੇ ਹਉਮੇ ਦਾ ਬੀਜ ਅਜੇ ਜੜੋਂ ਨਹੀਂ ਸੀ ਪੁੱਟਿਆ ਗਿਆ।

ਬਾਬਾ ਮੇਹਰ ਚੰਦ ਤੋਂ ਭੇਖ ਲੈ ਕੇ ਪਰਚਾਰ ਲਈ ਨਿਕਲੇ, ਪਰ ਦੇਖਿਆ ਕਿ ਕੋਈ ਪ੍ਰਭਾਵ ਨਹੀਂ ਪੈਂਦਾ। ਫਿਰ ਬਾਬਾ ਮੇਹਰ ਚੰਦ ਕੋਲ ਗਏ। ਉਂਨ੍ਹਾਂ ਕਿਹਾ, "ਇਹ ਮੇਰੇ ਵੱਸ ਦੀ ਗੱਲ ਨਹੀਂ ਹੈ। ਤਖਤ ਤੋਂ ਹੁਕਮ ਲੈ ਕੇ ਕਾਰਜ ਰਾਸ ਕਰੋ। ਸਭ ਵਡਿਆਈਆਂ ਗੁਰੂ ਹਰਿ ਰਾਏ ਪਾਸ ਹਨ। ਤੁਸੀਂ ਮਹਿਮਾ ਦੇਖ ਤਾਂ ਆਇ ਸੀ ਪਰ ਪ੍ਰਤੀਤ ਨਹੀਂ ਸੀ ਆਈ। ਹੁਣ ਪ੍ਰਤੀਤ ਕਰ, ਪ੍ਰੀਤ ਰੱਖ, ਨਿਜ ਮੱਤ ਤਿਆਗ, ਨਿਰਮਾਣ ਹੋ ਉਸ ਦਰ ਜਾਓ।"

ਭਗਵਾਨ ਗਿਰਿ ਨੇ ਸਾਥੀ ਸਾਧੂਆਂ ਨੂੰ ਕਿਹਾ ਕਿ ਜਿਥੇ ਮਰਜੀ ਚਲੇ ਜਾਓ ਤੇ ਆਪ ਸਤਿਗੁਰ ਦੇ ਦਰ ਆ ਕੇ ਡੰਡਾਉਤ ਕਰ ਡਿਗ ਪਿਆ। ਮਹਾਰਾਜ ਨੇ ਫੁਰਮਾਇਆ:

**"ਆਗੇ ਆਓ, ਭਗਤ ਭਗਵਾਨ। ਅਬ ਹੂਏ ਦਰਗਹ ਪਰਵਾਨ।"**

ਗੁਰੂ ਸਾਹਿਬ ਨੇ ਸਹਾਰਾ ਦੇ ਕੇ ਉਠਾਇਆ ਤੇ ਬਚਨ ਕੀਤੇ:

**"ਅਬ ਤੁਮ ਪੂਰਬ ਦੇਸ਼ ਮੇ, ਜਾਓ ਕਰ ਉਪਦੇਸ਼। ਸੁਨਤ ਬਚਨ ਸਭ ਕੋ ਦ੍ਰਿੜੋ, ਤੁਮ ਕੋ ਕਰੇ ਅਦੇਸ।"**

ਜਿਥੇ ਵੀ ਜਾਏ ਸਰਲ ਬਚਨਾਂ ਰਾਹੀਂ ਸੁਣਨ ਵਾਲੇ ਨਾਮ ਦੀ ਰੰਗਤ ਆਉਣ। ਉਤਰ ਪ੍ਰਦੇਸ਼, ਬਿਹਾਰ ਤੇ ਹੋਰ ਇਲਾਕਿਆਂ ਵਿਚ ਭਗਤ ਭਗਵਾਨ ਦੀ ਬਖਸ਼ ਵਲੋਂ 360 ਤੋਂ ਵੀ ਵੱਧ ਧਰਮ ਅਸਥਾਨ, ਧਰਮਸਾਲਾਵਾਂ ਬਣਵਾਈਆਂ ਗਈਆਂ। ਲੱਭ-ਲੱਭ ਕੇ ਗੁਰੂ ਨਾਨਕ ਜੀ ਦੇ ਚਰਨ ਪਏ ਅਸਥਾਨਾ ਤੇ ਗੁਰਦੂਆਰੇ ਬਣਵਾਏ। ਇਨ੍ਹਾਂ ਦੇ 12 ਮੁਖੀ ਚੇਲਿਆਂ ਤੇ 18 ਹੋਰ ਸੇਵਕਾਂ ਨੇ ਪੰਜਾਬ, ਸਿੰਧ, ਬਿਹਾਰ, ਬੰਗਾਲ ਤੇ ਉਤਰ ਪ੍ਰਦੇਸ਼ ਵਿਚ ਸਿੱਖੀ ਦਾ ਪਰਚਾਰ ਕੀਤਾ।

**(ਹੋਰ ਬਖਸ਼ਾਂ ਦਾ ਵੇਰਵਾ ਅਗਲੇ ਭਾਗ ਵਿਚ ਪੜਨ ਦੀ ਕ੍ਰਿਪਾ ਕਰਨੀ ਜੀ)**

*********************************

# ਪਿਤਾ ਦਿਵਸ ਤੇ ਵਿਸ਼ੇਸ਼-ਧੀ ਵਲੋਂ ਦਰਦਾਂ ਭਰਿਆ ਗੀਤ

ਗੁਰਦੀਸ਼ ਕੌਰ ਗਰੇਵਾਲ (ਕੈਲਗਰੀ, ਕੈਨੇਡਾ, 403 404 1450)

ਅੱਜ ਮੈਨੂੰ ਯਾਦ ਮੇਰੇ, ਬਾਪ ਦੀ ਸਤਾਏ ਨੀ।
ਸੁਰਗਾਂ 'ਚ ਬੈਠੀ ਅੱਜ, ਮਾਂ ਵੀ ਯਾਦ ਆਏ ਨੀ।

ਵਿਹੜੇ ਵਿੱਚ ਬੈਠਾ ਬਾਪੂ, ਮੰਜੇ ਉੱਤੇ ਫੱਬਦਾ।
ਘਰ ਸਾਰਾ ਓਸ ਨਾਲ, ਭਰਿਆ ਸੀ ਲੱਗਦਾ।
ਉੱਠ ਗਏ ਅੱਜ ਸਿਰੋਂ, ਮਾਪਿਆਂ ਦੇ ਸਾਏ ਨੀ।
ਅੱਜ.........

ਸਿਰ ਉੱਤੇ ਹੱਥ ਧਰ, ਸੀਨੇ ਨਾਲ ਲਾਂਵਦਾ।
ਅਸੀਸ ਉਹਦੀ ਸੁਣ ਸੀ, ਕਲੇਜਾ ਠਰ ਜਾਂਵਦਾ।
ਦੁੱਖ ਸੁੱਖ ਪੁੱਛਦਾ ਤੇ ਆਪਣਾ ਸੁਣਾਏ ਨੀ।
ਅੱਜ........

ਪੇਕਿਆਂ ਦੇ ਮਹਿਲ ਹੁਣ, ਦਿਲ ਨੂੰ ਨਾ ਭਾਂਵਦੇ।
ਹੁਸਨ, ਜਵਾਨੀ, ਮਾਪੇ, ਮੁੜ ਨਹੀਉਂ ਆਂਵਦੇ।
ਮਾਪਿਆਂ ਦੀ ਦੇਣ ਕਦੇ, ਭੁੱਲੇ ਨਾ ਭੁਲਾਏ ਨੀ।
ਅੱਜ........

ਪੁੱਤਾਂ ਸਾਂਭ ਲੈਣੀਆਂ, ਜ਼ਮੀਨਾਂ ਜਾਇਦਾਦਾਂ ਨੀ।
ਧੀਆਂ ਕੋਲ ਰਹਿਣਗੀਆਂ, ਮਿੱਠੀਆਂ ਤਾਂ ਯਾਦਾਂ ਨੀ।
'ਦੀਸ਼' ਨੇ ਤਾਂ ਮਾਪੇ ਸਦਾ, ਦਿੱਲ 'ਚ ਵਸਾਏ ਨੀ।
ਅੱਜ........



****************************************

# ਗੁਰਬਾਣੀ ਅਨੁਸਾਰ ਸਿਖੀ, ਸਿਖ ਅਤੇ ਧਰਮ ਦੇ ਕੀ ਭਾਵ ਹਨ

**ਗਲੋਬਲ ਸਿਖ ਕੌਂਸਲ: 3 ਵੈਸਾਖ 558 (16 ਅਪ੍ਰੈਲ 2026) ਵੈਬੀਨਾਰ**

ਵਿਦਵਾਨਾਂ ਦੇ ਵਿਚਾਰਾਂ ਦਾ ਸੰਖੇਪ (ਕਾਬਲ ਸਿੰਘ, ਗੁਰਬਖਸ਼ ਸਿੰਘ ਬਾਸੀ)

## ਸਿਖੀ

**"ਹਿੰਦੂ ਅੰਨਾ ਤੁਰਕੂ ਕਾਣਾਂ॥ ਦੁਹਾਂ ਤੇ ਗਿਆਨਾ ਸਿਆਣਾ॥"** (ਪੰਨਾ 875) ਫੁਰਮਓਣ ਬਾਰੇ ਕੁਝ ਵਿਚਾਰ।

ਹਿੰਦੂ ਧਰਮ ਅਕਾਰ ਵਾਲਿਆਂ (ਦੇਵਤੇ, ਮੂਰਤੀਆਂ, ਅਵਤਾਰਾਂ, ਆਦਿ) ਤੇ ਕੁਦਰਤੀ ਸ਼ਕਤੀਆਂ (ਅੱਗ, ਪਾਣੀ, ਆਦਿ) ਦੀ ਪੂਜਾ ਤੇ ਸ਼ਰਧਾ ਨਾਲ ਸਬੰਧਤ ਹੈ। ਜਿਵੇਂ ਪਹਿਲਾਂ ਕਬੀਲੇ ਦੇ ਸਰਦਾਰ, ਬਾਅਦ ਵਿਚ ਰਾਜੇ, ਫਿਰ ਧਾਰਮਿਕ ਆਗੂ (ਦੇਵਤੇ, ਅਵਤਾਰ, ਬ੍ਰਾਹਮਣ, ਆਦਿ), ਅਤੇ ਮੂਰਤੀਆਂ ਤੇ ਭਰੋਸੇ ਦਾ ਨਿਯਮ ਹੈ। ਭਗਤੀ ਲਹਿਰ ਵਿਚ ਸਵਰਗ ਨਰਕ ਦਾ ਸਿਧਾਂਤ ਸ਼ੁਰੂ ਹੋ ਗਿਆ। ਹਿੰਦੂ ਅੰਨਾ ਹੈ, ਕਿਉਂਕਿ ਅਕਾਰ ਵਾਲੇ ਨੂੰ ਮੰਨਦਾ ਹੈ ਪਰ ਨਿਰੰਕਾਰ ਤੇ ਭਰੋਸਾ ਨਹੀਂ ਦਰਸਾਉਂਦਾ।

ਮੁਸਲਮਾਨ ਦਾ ਅਕਾਰ ਵਾਲੇ ਤੇ ਭਰੋਸਾ ਨਹੀਂ, ਪਰ ਨਿਰੰਕਾਰ ਰੱਬ ਅਸਮਾਨ ਵਿਚ ਹੋਣ ਤੇ ਭਰੋਸਾ ਹੈ। ਇਸ ਲਈ ਕਾਣਾਂ ਹੈ।

ਸਿਖੀ ਵਿਚ ਇਕ ਰੱਬ, ਪ੍ਰਮਾਤਮਾਂ, ਆਦਿ **"ੴ (ਇਕ+ਨਿਰੰਕਾਰ)"** ਤੇ ਭਰੋਸਾ ਹੈ। ਪਰ ਨਾਲ ਹੀ ੴ ਕਣ ਕਣ ਵਿਚ ਵਿਆਪਕ ਹੋਣ ਦਾ ਸਿਧਾਂਤ ਹੈ। ਪ੍ਰਮਾਤਮਾ ਸਭ ਵਿਚ ਹੈ ਇਸ ਲਈ ਮਨੁਖਾਂ ਵਿਚ ਕਿਸੇ ਤਰਾਂ ਦਾ ਭੇਦ ਭਾਵ ਨਹੀ ਹੋ ਸਕਦਾ। ਕਿਉਂਕਿ, ਜੋਤ ੴ ਦਾ ਹਿਸਾ ਹੈ, ਇਸ ਲਈ ਸਦਾ ਰਹਿੰਦੀ ਹੈ।

**'ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥" "ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲ॥" "ਤੂੰ ਸਦਾ ਸਲਾਮਤਿ ਨਿਰੰਕਾਰ॥"** ਦੇ ਸਿਧਾਂਤਾਂ ਅਨੁਸਾਰ ਸਿਖੀ ਵਿਚ ਸਰੀਰ ਨਾਲ ਸਬੰਧਤ ੴ ਦਾ ਪੱਖ ਖਤਮ ਕਰ ਦਿਤਾ।

ਸਿਖੀ ਇਕ ਵਿਚਾਰਧਾਰਾ ਹੈ। ਸਬਦ ਰੂਪੀ ਗੁਰਬਾਣੀ ਦੀ ਸਿਖਿਆ ਤੇ ਚਲ ਕੇ ਆਪਣਾਂ ਜੀਵਨ ਸੁਧਾਰ ਸਕਦੇ ਹਾਂ। ਸਿਰਫ ਨਿਰੰਕਾਰ ਤੇ ਭਰੋਸਾ ਰੱਖਣਾਂ ਹੈ, ਅਤੇ ਅਕਾਰ ਵਾਲੇ ਜਾਂ ਨਿਰੰਕਾਰ ਦੀ ਪੂਜਾ ਨਹੀਂ।

ਗੁਰੂ ਗ੍ਰੰਥ ਸਾਹਿਬ ਵਿਚ ਸਿਖੀ ਚਾਰ ਵਾਰ ਲਿਖਿਆ ਹੈ, ਜਿਸਦਾ ਭਾਵ ਧਰਮ ਨਹੀਂ ਸਿਖਿਆ ਹੈ:

**"ਸਿਖੀ ਸਿਖਿਆ ਗੁਰ ਵੀਚਾਰ॥ ਨਦਰੀ ਕਰਮ ਲੰਘਾਵੇ ਪਾਰ॥"**

ਸਿਖੀ ਗੁਰਬਾਣੀ ਦਾ ਵਿਚਾਰ ਤੇ ਪ੍ਰਚਾਰ ਹੈ।

## ਸਿਖ

ਸਿਖ ਦਾ ਅਖਰੀ ਅਰਥ ਸਿਖਣ ਵਾਲਾ ਵਿਅਕਤੀ, ਚੇਲਾ, ਸੇਵਕ, ਚਾਟੜਾ, ਅਧਿਆਤਮਿਕ ਵਿਦਿਆਰਥੀ, ਮੁਰੀਦ, ਆਦਿ ਹਨ।

ਆਮ ਵਿਚਾਰ ਅਨੁਸਾਰ, ਗੁਰਬਾਣੀ ਪੜ ਕੇ ਸਮਝਣ ਤੇ ਸਿਖਣ ਵਾਲਾ ਅਤੇ ਗੁਰਬਾਣੀ ਦੀ ਸਿਖਿਆ ਨੂੰ ਅਪਨਾਉਂਣ ਵਾਲਾ ਸਿਖ ਹੈ। ਗੁਰੂ ਰੂਪੀ ਰੁਖ ਦੀ ਕ੍ਰਿਪਾ ਨਾਲ ਖਿੜਨ ਵਾਲਾ ਫੁਲ ਸਿਖ ਹੈ।

**"ਜਿਨੀ ਨਾਲ ਧਿਆਇਆ ਗਏ ਮਸਕਤਿ ਘਾਲ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥"** ਅਨੁਸਾਰ ਸਿਖ ਨਿਜੀ, ਪ੍ਰਵਾਰਕ ਤੇ

ਸਮਾਜਿਕ ਕਰਮ ਕਰਕੇ ਹੋਰਨਾ ਨੂੰ ਵੀ ਸਿਖੀ ਬਾਰੇ ਗਿਆਨਵਾਨ ਕਰਦਾ ਹੈ।

ਇਕ ਅਕਾਲ ਪੁਰਖ ਦੀ ਹੋਂਦ ਤੇ ਵਿਸ਼ਵਾਸ਼ ਤੇ ਗੁਰਬਾਣੀ ਸਮਝ ਕੇ ਜੀਵਨ ਜਿਉਂਣ ਵਾਲਾ, ਅਤੇ ਕਿਸੇ ਹੋਰ ਤੇ ਵਿਸ਼ਵਾਸ਼ ਨ ਰੱਖਣ ਵਾਲਾ ਸਿਖ ਹੈ।

**"ਸੋ ਸਿਖੁ ਸਖਾ ਬੰਧਪੁ ਹੈ ਭਾਈ ਜੋ ਗੁਰ ਕੇ ਭਾਣੇ ਵਿਚ ਆਵੈ॥"**

ਗਿਆਨ ਅਵੱਸਥਾ ਵਾਲੀ ਸੁਰਤ ਵਾਲਾ ਸਿਖ ਹੈ, ਜਿਵੇਂ:

**"ਸਬਦ ਗੁਰੂ ਸੁਰਤਿ ਧੁਨਿ ਚੇਲਾ॥"**

**"ਗੁਰੁ ਸਮਝਾਵੈ ਸੋਝੀ ਹੋਈ॥ ਗੁਰਮੁਖਿ ਵਿਰਲਾ ਬੂਝੈ ਕੋਈ॥"**

**"ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ॥"**

**"ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮ ਧਿਆਵੈ॥"**

ਬੁਰਬਾਣੀ ਤੋਂ ਸਿਖਿਆ ਲੈਣ ਵਾਲਾ ਵਿਅਕਤੀ ਸਿਖ ਤੋਂ ਖੰਡੇ ਦੀ ਪਹੁਲ ਛਕ ਕੇ ਸਿੰਘ ਸਜਦਾ ਹੈ, ਅਤੇ ਦੋਹਾਂ ਦੇ ਸੁਮੇਲ ਅਨੁਸਾਰ ਜੀਵਨ ਬਣਾਉਂਣ ਵਾਲਾ ਗੁਰਮੁਖਿ ਬਣ ਜਾਂਦਾ ਹੈ।

## ਧਰਮ

ਧਰਮ ਸਬਦ ਸੰਸਕ੍ਰਿਤ ਵਿਚ ਧਾਰਨ ਕਰਨਾ, ਫਰਜ ਆਦਿ ਹੈ। ਮਜਨ ਸਬਦ ਫਾਰਸੀ ਵਿਚ ਵਿਸ਼ਵਾਸ਼ ਤੇ ਦਿਲ ਜਾਂ ਪੈਗੰਬਰ ਦੇ ਲਫਜਾਂ ਤੇ ਭਰੋਸਾ ਆਦਿ ਹੈ।

ਧਰਮ ਵਿਚ ਜੀਵਨ ਮਰਿਆਦਾ, ਨਿਤ ਨੇਮ ਦੇ ਕਰਮ, ਨੇਕੀ, ਫਰਜ, ਆਦਿ ਸ਼ਾਮਲ ਹਨ।

ਗੁਰਬਾਣੀ ਵਿਚ ਸਬਦ ਦੀ ਸਿਖਿਆ ਅਨੁਸਾਰ ਦ੍ਰਿੜਤਾ ਨਾਲ ਸਚਿਆਰ ਬਣਨ ਵੱਲ ਜਾਣਾਂ ਤੇ ਦੂਸਰਿਆਂ (ਸਮਾਜ, ਕੁਦਰਤ) ਲਈ ਕੰਮ ਕਰਨਾ ਸਿਖ ਧਰਮ ਹੈ।

ੴ ਦਾਤਾਂ (ਖਾਣ, ਪੀਣ, ਰਹਿਣ ਦੇ ਪਦਾਰਥ) ਸਭ ਨੂੰ ਦਿੰਦਾ ਹੈ ਪਰ ਬਖਸ਼ਿਸ਼ ਕਿਸੇ ਕਿਸੇ ਤੇ ਹੁੰਦੀ ਹੈ। ਬਖਸ਼ਿਸ਼ ਲਈ ਖੁਸ਼ੀ ਦਾ ਪਾਤਰ ਬਣਨ ਦੀ ਲੋੜ ਹੈ।

ਸਿਖ ਧਰਮ ਅਕਾਲ ਪੁਰਖ ਦੇ ਸਿਧਾਂਤ, ਹੁਕਮ, ਆਦਿ ਦੇ ਅਧਾਰ ਤੇ ਜੀਵਨ ਬਤੀਤ ਕਰਨਾ ਹੈ। ਕੋਈ ਨਾਮ ਰਟਣਾਂ ਨਹੀਂ ਹੈ। ਜਿਵੇਂ:

**"ਹੁਕਮ ਰਜਾਈ ਚਲਣਾਂ ਨਾਨਕ ਲਿਖਿਆ ਨਾਲ॥"**

**"ਕਹੁ ਨਾਨਕ ਜਿਨ ਹੁਕਮ ਪਛਾਤਾ॥ ਪ੍ਰਭ ਸਾਹਿਬ ਕਾ ਤਿਨਿ ਭੇਦ ਪਛਾਤਾ॥"**

**"ਸਰਬ ਧਰਮ ਮਹਿ ਸ੍ਰੇਸਟ ਧਰਮ॥ ਹਰਿ ਕੋ ਨਾਮ ਜਪਿ ਨਿਰਮਲ ਕਰਮ॥"**

**"ਤਜਿ ਸਭਿ ਭਰਮ ਭਜਿਓ ਪਾਰਬ੍ਰਹਮ॥ ਕਹੁ ਨਾਨਕ ਅਟੱਲ ਇਹੁ ਧਰਮ॥"**

ਧਰਮ ਦਾ ਉਦੇਸ਼ ਜੀਵਨ ਨੂੰ ਨਿਰਮਲ ਕਰਨਾ ਹੈ॥ ਸਿਰਫ ਗਿਆਨ ਕਾਫੀ ਨਹੀਂ, ਨਿਰਮਲ ਕਰਮ ਵੀ ਜਰੂਰੀ ਹੈ:

**"ਗੁਨਹੀ ਭਰਿਆ ਮੈਂ ਫਿਰਾ ਲੋਕ ਕਹੈ ਦਰਵੇਸੁ॥"**

ਗੁਰਬਾਣੀ ਦੀ ਜਰੂਰਤ ਹੈ, ਕਿਉਂਕਿ ਗੁਰੂ ਦੀ ਕਿਰਪਾ ਨਾਲ ਗੁਰਬਾਣੀ ਸਮਝ ਕੇ ਹੀ ਸਿਖੀ ਅਨੁਸਾਰ ਧਰਮ ਨੂੰ ਜੀਵਨ ਦਾ ਅਧਾਰ ਬਣਾਂ ਸਕਦੇ ਹਾਂ॥ ਗੁਰੂ ਤੋਂ ਬਾਣੀ ਅਤੇ ਬਾਣੀ ਤੋਂ ਸਿਖ ਤੇ ਸਿਖੀ ਜਾਂ ਸਿਖ ਧਰਮ॥

**"ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ॥"**

**"ਬਾਣੀ ਕਹੈ ਸੇਵਕ ਜਨ ਮਾਨੈ ਪ੍ਰਤਖਿ ਗੁਰੂ ਨਿਸਤਾਰੇ॥"**

ਸਿਖ ਧਰਮ ਨੂੰ ਕਿਸੇ ਵਿਅਕਤੀ, ਅਸਥਾਨ, ਆਦਿ ਨਾਲ ਨਹੀਂ ਜੋੜਿਆ ਜਾ ਸਕਦਾ, ਕਿਉਂਕਿ ਇਹ ਆਪਾ ਜਾਂ ਅਸਥਾਨ ਅੁਭਾਰਨ ਵਾਲੇ ਪ੍ਰਚਾਰਕਾਂ (ਜਿਵੇਂ ਬ੍ਰਾਹਮਣ,

ਭਾਈ, ਬਾਬੇ, ਕਾਜੀ, ਆਦਿ) ਲਈ ਧੰਧਾ ਬਣਨ ਅਤੇ ਕਰਮਕਾਂਢਾਂ ਦਾ ਕਾਰਣ ਬਣਦਾ ਹੈ॥

ਸਿਖੀ ਮਾਨਵਤਾ ਦਾ ਧਰਮ ਹੈ, ਜਿਸ ਵਿਚ ਸਭ ਤਰਾਂ ਦੇ ਭੇਦਭਾਵਾਂ ਦੀ ਮਨਾਹੀ ਹੈ। ਜਿਵੇ ਤਾਕਤ, ਲਿੰਗ, ਉਮਰ, ਵੰਸ਼, ਸ਼ਕਲ, ਪੈਸਾ, ਅਹੁਦਾ, ਮਿਥਿਹਾਸ, ਕੌਂਮ, ਪਿਛਲੇ ਜਨਮ, ਆਦਿ।

****************************************

# ਕੈਨੇਡੀਅਨ ਸੋਸਾਇਟੀ ਆਫ਼ ਐਗਰੋਨੋਮੀ ਵਲੋਂ ਤਿੰਨ ਸਿੰਘ ਪੁਰਸਕਾਰਾਂ ਨਾਲ ਸਨਮਾਨਤ

## ਡਾ. ਤਰਲੋਕ ਸਿੰਘ ਸਹੋਤਾ (ਥੰਡਰ ਬੇ, ਓਨਟਾਰੀਅਓ)

CSA (Canaidan Soicety of Agronomy, ਕੈਨੇਡੀਅਨ ਸੋਸਾਇਟੀ ਆਫ਼ ਐਗਰੋਨੋਮੀ) ਸਰਵਿਸ ਅਵਾਰਡ (ਸੇਵਾ ਪੁਰਸਕਾਰ) ਰਾਹੀਂ ਉਹਨਾਂ ਮਹਾਂਰਥੀਆਂ ਨੂੰ ਮਾਣ ਸਤਿਕਾਰ ਦਿੰਦਾ ਹੈ ਜਿਨ੍ਹਾਂ ਨੇ CSA ਦੇ ਕਿਸੇ ਖੇਤਰ 'ਚ ਬੇਮਿਸਾਲ ਅਗਵਾਈ ਅਤੇ ਖੋਜ ਕਰਨ ਦੌਰਾਨ ਸ਼ਾਨਦਾਰ ਯੋਗਦਾਨ ਪਾਇਆ ਹੁੰਦਾ ਹੈ। ਡਾਕਟਰ ਤਰਲੋਕ ਸਿੰਘ ਸਹੋਤਾ ਇਸ ਅਵਾਰਡ ਨੂੰ ਹਾਸਲ ਕਰਨ ਵਾਲੇ ਪਹਿਲੇ ਬਣੇ। ਸਰਦਾਰ ਤਰਲੋਕ ਸਿੰਘ ਸਹੋਤਾ ਇਸ ਵੇਲੇ ਲੇਕਹੈਡ ਯੂਨੀਵਰਸਿਟੀ, ਥੰਡਰ ਬੇਅ, ਓਨਟਾਰੀਓ 'ਚ ਖੇਤੀਬਾੜੀ ਖੋਜ ਸਟੇਸ਼ਨ ਦੇ ਡਾਇਰੈਕਟਰ ਹਨ।

ਡਾਕਟਰ ਹਰਪਿੰਦਰ ਸਿੰਘ ਰੰਧਾਵਾ ਨੂੰ ਕੈਨੇਡਾ CSA ਵਲੋਂ ਫੈਲੋਅ (fellow) ਅਵਾਰਡ (ਪੁਰਸਕਾਰ) ਨਾਲ ਸਨਮਾਨਤ ਕੀਤਾ ਗਿਆ। ਡਾਕਟਰ ਰੰਧਾਵਾ ਨੇ ਕੈਨੇਡਾ ਵਿਚ ਖੇਤੀਬਾੜੀ ਖੋਜਾਂ ਰਾਹੀਂ ਕਣਕ ਦੀਆਂ ਨਵੀਆਂ ਕਿਸਮਾ ਕੱਢਣ ਰਾਹੀ ਅਹਿਮ ਅਤੇ ਵੱਡਾ ਯੋਗਦਾਨ ਪਾਇਆ ਹੈ। ਇਸ ਵੇਲੇ ਉਹ ਐਗਰੀਕਲਚਰ ਐਗਰੀ-ਫੂਡ ਕੈਨੇਡਾ (AAFC) ਦੇ ਲੈਥਬਰਿਜ (Lethbridge) ਖੋਜ ਕੇਂਦਰ ਵਿਚ ਸੀਨੀਅਰ ਖੋਜ ਵਿਗਿਆਨੀ ਹਨ।

CSA ਵਲੋਂ ਸਨਮਾਨਤ ਹੋਣ ਵਿਚ ਇਕ ਹੋਰ ਨਾਮ ਡਾਕਟਰ ਜਸਵਿੰਦਰ ਸਿੰਘ ਦਾ ਹੈ। ਉਹਨਾਂ ਨੂੰ 'ਵਿਲੱਖਣ ਖੇਤੀ ਵਿਗਿਆਨੀ ਐਵਾਰਡ' ਲਈ ਚੁਣਿਆ ਗਿਆ ਹੈ। ਡਾਕਟਰ ਜਸਵਿੰਦਰ ਸਿੰਘ ਨੇ 'ਟਿਕਾਊ ਖੇਤੀਬਾੜੀ ਅਤੇ ਜਲਵਾਯੂ ਲਚਕਤਾ, ਬਾਇਓਟੈਕਨਾਲੋਜੀ ਅਤੇ ਅਣੂ ਜੈਨੇਟਿਕਸ' 'ਤੇ ਪਾਏਦਾਰ ਖੋਜ ਕੀਤੀ ਹੈ। ਉਹ ਇਸ ਵੇਲੇ ਕੈਨੇਡਾ ਦੀ ਮੈਕਗਿੱਲ ਯੂਨੀਵਰਸਿਟੀ 'ਚ Bieler School of Enivronment ਦੇ ਪ੍ਰੋਫੈਸਰ ਅਤੇ ਐਸੋਸੀਏਟ ਮੈਂਬਰ ਹਨ।

ਫਸਲ ਸੁਧਾਰ ਤੇ ਨਵੀਆਂ ਕਿਸਮਾਂ ਅਤੇ ਜੀਨੋਮਿਕਸ ਖੇਤੀਬਾੜੀ 'ਚ ਖੋਜ ਕਰਨ ਵਾਲੇ ਇਹਨਾਂ ਤਿੰਨਾਂ ਸਿੰਘ ਦੀ ਖਾਸੀਅਤ ਇਹ ਹੈ ਕਿ ਜਿਥੇ ਇਹ ਵਿਗਿਆਨਕ ਢੰਗ ਨਾਲ ਖੋਜਾਂ ਕਰਨ ਵਿਚ ਮਹਾਰਥੀ ਹੋ ਗਏ ਹਨ, ਉਥੇ ਇਹਨਾਂ ਨੇ ਗੁਰਬਾਣੀ ਅਤੇ ਸਿੱਖ ਮਰਿਆਦਾ ਦਾ ਪੱਲਾ ਨਹੀਂ ਛੱਡਿਆ। ਇਨ੍ਹਾਂ ਨੇ ਕੈਨੇਡਾ ਵਿੱਚ "ਕਿਰਤ ਕਰੋ, ਨਾਮ ਜਪੋ ਅਤੇ ਵੰਡ ਕੇ ਛਕੋ' ਦੇ ਗੁਰੂ ਸਾਹਿਬ ਦੇ ਫਲਸਫੇ ਮੁਤਾਬਕ ਜ਼ਿੰਦਗੀ ਨੂੰ ਜੀਵਿਆ ਹੈ। ਇਹ ਮਹਾਰਥੀ ਸਿੰਘ ਕੈਨੇਡਾ 'ਚ ਸਾਡੀਆਂ ਅਗਲੀਆਂ ਪੀੜ੍ਹੀਆਂ ਲਈ ਚਾਨਣ ਮੁਨਾਰੇ ਹੋਣਗੇ।

ਡਾਕਟਰ ਤਰਲੋਕ ਸਿੰਘ ਸਹੋਤਾ, ਡਾਕਟਰ ਜਸਵਿੰਦਰ ਸਿੰਘ ਅਤੇ ਡਾਕਟਰ ਹਰਪਿੰਦਰ ਸਿੰਘ ਰੰਧਾਵਾ ਜੀ ਬਹੁਤ ਬਹੁਤ ਵਧਾਈਆਂ!

(ਤਸਵੀਰ 'ਚ ਖੱਬਿਓਂ ਸੱਜੇ - ਡਾ. ਜਸਵਿੰਦਰ ਸਿੰਘ, ਡਾ. ਹਰਪਿੰਦਰ ਸਿੰਘ ਰੰਧਾਵਾ, ਡਾ. ਤਰਲੋਕ ਸਿੰਘ ਸਹੋਤਾ)



## ਲੇਖਕਾਂ ਲਈ ਜ਼ਰੂਰੀ ਜਾਣਕਾਰੀ

**ਮੈਗਜ਼ੀਨ ਦੀ ਨੀਤੀ:** ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਵਿਰਾਸਤ ਨੂੰ ਪ੍ਰਫੁੱਲਤ ਕਰਨ ਲਈ ਧਰਮ-ਨਿਰਪੱਖ, ਗੈਰ-ਸਿਆਸੀ, ਗੈਰਨਿੱਜੀ ਲੇਖ/ ਕਵਿਤਾਵਾਂ (ਹੀ), ਸਮੀਖਿਆ ਕਰਵਾ ਕੇ ਛਾਪਣਾ।

1. ਸੰਪਾਦਕੀ ਬੋਰਡ ਲੇਖਕਾਂ ਦੇ ਵਿਚਾਰਾਂ ਲਈ ਜ਼ੁੰਮੇਵਾਰ ਨਹੀਂ ਹੈ, ਜ਼ੁੰਮੇਵਾਰੀ ਕੇਵਲ ਲੇਖਕਾਂ ਦੀ ਹੋਵੇਗੀ।
2. ਲਿਖਤ ਪੰਜਾਬੀ (ਅਨਮੋਲ ਲਿਪੀ), ਅੰਗਰੇਜ਼ੀ (ਟਾਈਮਜ਼ ਨਿਊ ਰੋਮਨ) ਵਰਡ-14 ਫੌਂਟ ਵਿਚ ਹੋਵੇ।
3. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਬਿਲਕੁਲ ਨਾ ਹੋਵੇ ਜੀ।
4. ਸਿੰਗਲ (1.0) ਲਾਈਨ ਸਪੇਸਿੰਗ ਅਤੇ ਹਾਸ਼ੀਏ ਲਈ ਚਾਰੇ ਪਾਸੇ ਇੱਕ ਇੰਚ ਜਗ੍ਹਾ ਛੱਡੀ ਹੋਵੇ।
5. ਲੇਖਕ ਦਾ ਨਾਮ, ਸ਼ਹਿਰ, ਦੇਸ਼, (ਚਾਹੁਣ ਤਾਂ ਫੋਟੋ), ਫ਼ੋਨ/ਈਮੇਲ, ਵੱਟਸਐਪ, ਸੰਖੇਪ ਜਾਣਕਾਰੀ ਦਿਓ।
6. ਲੇਖ ਦੀ ਕੁਲ ਲੰਬਾਈ ਲੈਪਟਾਪ ਦੇ ਦੋ ਪੰਨੇ-800 ਸ਼ਬਦ (ਫੋਟੋ ਸਮੇਤ) ਹੋਣ।
7. ਲੰਮੇ ਲੇਖ ਸਾਡੇ ਵੈੱਬਸਾਈਟ (***sanjihivirasat.org)*** ਦੇ 'ਬਲੌਗ' ਤੇ ਜਾਂ ਲੜੀਵਾਰ ਛਾਪੇ ਜਾਣਗੇ।
8. ਲੇਖਕਾਂ/ ਕਵੀਆਂ ਦੀ ਜ਼ਿਮੇਵਾਰੀ ਹੋਵੇਗੀ ਕਿ **'Copyright Infringement'** ਨਹੀਂ ਹੋਣੀ ਚਾਹੀਦੀ।
9. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਅਤੇ ਜਰਨਲ ਦਾ ਅੰਕ/ ਕਿਤਾਬ ਦਾ ਨਾਮ, ਸਾਲ ਤੇ ਪੰਨਾ ਦਿਓ।
10. ਗੁਰਬਾਣੀ ਲਈ ਸਰੋਤ, ਪੰਨਾ ਨੰਬਰ ਦਿਓ। ਫੋਟੋ (ਜੇ ਹੈ ਤਾਂ) ਕਿਥੋਂ ਲਈ ਗਈ ਹੈ, ਦਸਣਾ ਜ਼ਰੂਰੀ ਹੈ।

## Important Information for Authors

**Magazine Policy**: To Promote Punjabi Culture, History & Heritage, by Secular, Non-Political, Non-Personal Articles/Poems, after Review

1. **Editorial Board** will not be responsible for views of Authors /Poets.
2. **Font size 14**: Panjabi - Anmol Lipi Heavy; English -Times New Roman.
3. **Spacing, margin**: Line-to-line 1.0, One Inch Margins on all four sides.
4. **Format -WORD**: No PDF, Photocopy, Printscreen, Snip, Office-Lens.
5. **Author's Data**: Name, City (Country), Brief (own) Introduction.
6. **Author's Contact**: Phone, e-mail, or WhatsApp. (Photo is optional).
7. **Maximum Length**: Two pages (Including Photo) / 800 words.
8. **Longer Articles**: On blog Website ***(sanjhivirasat.org)*** / serialized.
9. **Copy -right (CR)**: Authors will certify there is No CR Infringement.
10. **References/Photo**: Source (Author, Title, Journal/Book, Year, Pages).

## ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

## (ਸਵਰਗਵਾਸੀ ਪ੍ਰੋ. ਡਾ. ਸੁਰਜੀਤ ਸਿੰਘ ਭੱਟੀ – Emereitus ਸੰਸਥਾਪਕ ਸੰਪਾਦਕ)

| | |
|---|---|
| 1. ਡਾ. ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| 2. ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| 3. ਪ੍ਰੋਫ਼ੈਸਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| 4. ਡਾ. ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| 5. ਡਾ. ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| 6. ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| 7. ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| 8. ਪ੍ਰਿੰਸੀਪਲ ਮਨਮੋਹਨ ਕੌਰ | ਦਿੱਲੀ (ਭਾਰਤ) |
| 9. ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| 10. ਸਰਦਾਰ ਜਸਵਿੰਦਰ ਸਿੰਘ ਰੁਪਾਲ | ਕੈਲਗਰੀ (ਕੈਨੇਡਾ) |
| 11. ਡਾ. ਰਾਜਬੀਰ ਸਿੰਘ ਭੱਟੀ (ਤਕਨੀਕੀ ਸੰਪਾਦਕ) | ਕੈਲਗਰੀ (ਕੈਨੇਡਾ) |
| 12. ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

## ਸਲਾਹਕਾਰ (ਸਾਂਝੀ ਵਿਰਾਸਤ)

| | |
|---|---|
| 1. ਡਾ. ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| 2. ਡਾ. ਦਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| 3. ਡਾ. ਦਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| 4. ਡਾ. ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| 5. ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| 6. ਸਰਦਾਰਨੀ ਅੰਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| 7. ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| 8. ਸਰਦਾਰ ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

# ਸੰਪਾਦਕੀ ਬੋਰਡ




**ਪ੍ਰੋਫ਼ੈਸਰ (ਡਾ). ਸੁਰਜੀਤ ਸਿੰਘ ਭੱਟੀ**
**Founding/ਸੰਸਥਾਪਕ ਸੰਪਾਦਕ**



**ਡਾ. ਕਾਬਲ ਸਿੰਘ**
**ਮੁੱਖ ਸੰਪਦਕ**



ਗੁਰਦੀਸ਼ ਕੌਰ ਗਰੇਵਾਲ



ਪ੍ਰੋਫ਼ੈਸਰ ਮਨਿੰਦਰ ਸਿੰਘ



ਡਾ. ਰਾਜਬੀਰ ਸਿੰਘ ਭੱਟੀ



ਸ. ਜਗਬੀਰ ਸਿੰਘ ਕੋਹਲੀ



ਡਾ. ਰਾਜਾ ਬਲਰਾਜ ਸਿੰਘ



ਸ. ਜਸਵਿੰਦਰ ਸਿੰਘ ਰੁਪਾਲ



ਸ. ਪਰਮਜੀਤ ਸਿੰਘ



ਸ. ਉਂਕਾਰ ਸਿੰਘ ਟਿਵਾਣਾ



ਡਾ. ਬਲਦੇਵ ਸਿੰਘ



ਪ੍ਰਿੰਸੀਪਲ ਮਨਮੋਹਨ ਕੌਰ



ਸ. ਯੁਵਰਾਜ ਸਿੰਘ



ਸ. ਰਣਸ਼ੇਰ ਰਾਜ ਸਿੰਘ

# ਸ਼ਲਾਹਕਾਰ ਬੋਰਡ



ਡਾ. ਕਾਲਾ ਸਿੰਘ



ਡਾ. ਡੀ. ਪੀ. ਸਿੰਘ



ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖ਼ੋਂ



ਸ੍ਰ. ਕਰਮਜੀਤ ਸਿੰਘ ਨੂਰ



ਅਮ੍ਰਿਤਪਾਂਲ ਕੌਰ



ਰਿਸ਼ੀ ਨਾਗਰ



Ransher Raj Singh
(Technical Astt.)